# ਭਾਗ-6

'ਸੰਗਤਿ' ਦੇ ਵਿਸ਼ੇ ਦੀ ਬਾਬਤ ਵਿਸਥਾਰ ਸਹਿਤ ਵਿਚਾਰ ਕਰਨ ਲਈ **'ਸੰਗਤਿ' ਕਰਨ ਦੇ ਤਰੀਕਿਆਂ** ਬਾਬਤ ਵਿਚਾਰ ਪਿਛਲੇ ਲੇਖ ਵਿਚ ਸ਼ੁਰੂ ਕੀਤੀ ਸੀ ।

ਪਿਛਲੇ ਭਾਗ ਵਿਚ **'ਸਰੀਰਕ ਸੰਗਤ'**, **'ਮਾਨਸਿਕ ਸੰਗਤ'** ਅਤੇ **'ਸ਼ਖਸੀਅਤ ਦੀ ਸੰਗਤ'** ਬਾਬਤ ਵਿਚਾਰ ਕੀਤੀ ਜਾ ਚੁਕੀ ਹੈ ।

4. **ਮੁਰਦਿਆਂ ਦੀ ਸੰਗਤ :—**

ਹਰ ਇਕ ਇਨਸਾਨ ਦੇ ਜੀਵਨ ਵਿਚ ਨਜ਼ਦੀਕੀ ਸੰਬੰਧੀਆਂ, ਜਿਹਾ ਕਿ—ਮਾਂ, ਬਾਪ, ਭੈਣ, ਭਰਾ, ਪਤੀ, ਪਤਨੀ, ਬਚਿਆਂ, ਮਿੱਤਰਾਂ ਅਥਵਾ ਹੋਰ ਪਿਆਰ ਵਾਲੇ ਜੀਵਾਂ ਦੀਆਂ ਮੌਤਾਂ ਹੁੰਦੀਆਂ ਰਹਿੰਦੀਆਂ ਹਨ । ਇਹਨਾਂ ਵਿਚੋਂ ਕੁਝ **'ਮੌਤਾਂ'** ਦਾ ਮਨ ਨੂੰ ਅਤਿਅੰਤ ਦੁਖ ਤੇ **ਸਦਮਾ ਹੁੰਦਾ ਹੈ ।** ਐਸੀਆਂ **ਦੁਖਦਾਈ ਮੌਤਾਂ** ਨੂੰ ਮੁੜ-ਮੁੜ ਕੇ ਯਾਦ ਅਥਵਾ **'ਚਰਚਾ'** ਕਰਕੇ ਅਸੀਂ ਇਨ੍ਹਾਂ **'ਸਦਮਿਆਂ'** ਨੂੰ ਆਪਣੇ ਹਿਰਦੇ ਦੀਆਂ **ਡੂੰਘੀਆਂ ਤੈਹਾਂ ਅਥਵਾ 'ਅੰਤਿਸ਼ਕਰਨ' ਵਿਚ ਉਤਾਰ ਲੈਂਦੇ ਹਾਂ ।** ਜਦ ਭੀ ਇਹਨਾਂ ਮੁਰਦਿਆਂ ਦੀਆਂ ਯਾਦਾਂ ਉਘੜ ਕੇ ਸਾਮ੍ਹਣੇ ਆਉਂਦੀਆਂ ਹਨ ਤਾਂ ਓਹਨਾਂ ਦੇ **'ਮੋਹ' ਵਿਚ** ਅਸੀਂ ਅਤਿਅੰਤ ਦੁਖੀ ਹੁੰਦੇ ਹਾਂ ।

ਇਸੇ ਤਰ੍ਹਾਂ ਕਿਸੇ ਵਿਰੋਧੀ ਯਾ ਘਿਰਣਤ ਪ੍ਰਾਣੀ ਦੀ **ਯਾਦ** ਆ ਜਾਵੇ ਤਾਂ ਸਾਡੇ ਅੰਦਰ **ਤੀਬਰ 'ਘਿਰਨਾਂ ਦੇ ਭਾਂਬੜ' ਮੱਚ ਪੈਂਦੇ ਹਨ,** ਜਿਸ ਦੀ ਅਗਨੀ ਵਿਚ **ਸਾਡਾ ਤਨ, ਮਨ, ਹਿਰਦਾ ਬਹੁਤ ਦੇਰ ਤਕ ਸੜਦਾ, ਬਲਦਾ, ਕੁਲਝਦਾ ਰਹਿੰਦਾ ਹੈ ।** ਐਸੀਆਂ **ਘਿਰਣਤ ਯਾਦਾਂ ਦੇ ਮੁੜ-ਮੁੜ ਦੁਹਰਾਉਣ ਨਾਲ ਸਾਡੇ ਹਿਰਦੇ ਵਿਚ ਉਸ ਘਿਰਣਤ ਸ਼ਖਸ ਲਈ 'ਐਲਰਜੀ** (allergy) **ਹੋ ਜਾਂਦੀ ਹੈ ।** ਭਾਵੇਂ ਉਹ ਸ਼ਖਸ ਮਰ-ਮੁਕ ਭੀ ਜਾਵੇ ਤਾਂ ਭੀ ਉਸ ਦੀ ਮਾੜੀ ਜਿਹੀ **ਯਾਦ** ਅਤੇ **ਯਾਦ ਰਾਹੀਂ 'ਸੰਗ' ਕਰਨ ਨਾਲ ਸਾਨੂੰ 'ਸਣ ਕਪੜੀ ਅੱਗ' ਲਗ ਜਾਂਦੀ ਹੈ ।**



# Lekh 83 Sangat Part 6

In the previous lekhs an in depth discussion was started on the subject of 'sangat' or company, the ways in which sangat can be done.

Discussion on 'physical sangat', 'mental sangat', and 'personal sangat' has already been covered in the previous part (5).

## 4 The sangat or company of the dead:-

In each and every person's life the death of close relatives like–mother, father, sister, brother, husband, wife, children, friends or other beloved ones keeps taking place. Amongst these, some 'deaths' cause immense pain and trauma on the mind. By making recollections of these painful deaths over and over again or by 'talking' about them, we tend to infuse these 'traumas' into the deeper layers of our hearts or the 'sub consciousness'. When ever thoughts of these deaths surface and appear before us, our 'attachment' to them causes immense suffering in us.

In the same way if a thought of a hostile person or a hated person surfaces in the mind, then intense 'flames of hatred' burn within our mind and for a long time our body, mind and heart keep smouldering, flaming and simmering. By remembering such thoughts of hatred over and over again, we develop an allergy towards that hateful person. Even though that person may die and disappear still a slight thought or remembrance of him is enough to set us 'together with clothes' on fire.

'ਹਉਮੈ' ਵਿਚੋਂ 'ਮੈਂ-ਮੇਰੀ' ਦਾ ਅਹਿਸਾਸ ਉਪਜਦਾ ਹੈ—ਜਿਸ ਨਾਲ ਸਾਨੂੰ ਮਾਇਕੀ 'ਪਦਾਰਥਾਂ' ਯਾ ਸਰੀਰਾਂ ਦੀ **ਅਪਣਤ** ਅਥਵਾ **ਪਕੜ ਹੋ ਜਾਂਦੀ ਹੈ।** ਇਸ **'ਮੈਂ-ਮੇਰੀ' ਦੀ ਅਪਣਤ ਅਥਵਾ ਪਕੜ ਨੂੰ ਹੀ 'ਮੋਹ' ਕਿਹਾ ਜਾਂਦਾ ਹੈ।**

ਜਦ ਇਨਸਾਨ ਦੀ ਮੌਤ ਹੋ ਜਾਂਦੀ ਹੈ ਤਾਂ ਸਰੀਰ ਦਾ ਨਾਸ਼ ਹੋ ਜਾਂਦਾ ਹੈ ਪਰ 'ਰੂਹ' ਸਰੀਰ ਵਿਚੋਂ ਨਿਕਲ ਜਾਂਦੀ ਹੈ।

ਜਿਉਂਦੇ ਸਰੀਰਾਂ ਨਾਲ ਲਗਾਤਾਰ 'ਸੰਗ' ਅਥਵਾ ਮੇਲ-ਜੋਲ ਕਰਨ ਨਾਲ **'ਮੋਹ' ਹੋ ਜਾਣਾ ਅਵੱਸ਼ ਹੈ** ਅਤੇ ਇਸ **'ਮੋਹ-ਮਮਤਾ' ਦੇ ਲਗਾਤਾਰ ਅਭਿਆਸ ਨਾਲ ਇਹ 'ਮੋਹ' ਸਾਡੇ ਚਿਤ ਦੀਆਂ ਹੇਠਲੀਆਂ ਤੈਹਾਂ ਵਿਚ ਉਤਰ ਜਾਂਦਾ ਹੈ**—ਜਿਸ ਕਾਰਨ ਉਸ ਦੀ **'ਮੌਤ' ਹੋਣ ਦੇ ਮਗਰੋਂ ਭੀ 'ਮੋਹ' ਦੀ ਅੰਸ਼ ਉਸੇ ਤਰ੍ਹਾਂ ਸਾਡੇ ਅੰਤਿਸ਼ਕਰਨ ਵਿਚ ਬਣੀ ਰਹਿੰਦੀ ਹੈ।**

ਇਸ ਤਰ੍ਹਾਂ :—

ਪਿਆਰ ਅਥਵਾ **'ਮੋਹ' ਵਾਲੇ 'ਮੁਰਦੇ'**, ਅਤੇ
**'ਨਫ਼ਰਤ' ਵਾਲੇ ਮੁਰਦਿਆਂ**

ਦੀਆਂ **ਯਾਦਾਂ ਰਾਹੀਂ 'ਮੇਲ' ਯਾ 'ਸੰਗਤ', ਅਤਿਅੰਤ ਦੁਖ-ਕਲੇਸ਼, ਕੁਲਝਣਾ ਦਾ ਕਾਰਨ ਬਣਦੀਆਂ ਹਨ।** ਐਸੀਆਂ ਘਿਰਣਤ ਅਤੇ ਦੁਖਦਾਈ 'ਮੁਰਦਿਆਂ' ਦੀ **'ਖਿਆਲੀ ਸੰਗਤ'** ਨੂੰ ਅਸੀਂ **ਮੁੜ-ਮੁੜ ਘੋਟਦੇ ਰਹਿੰਦੇ ਹਾਂ**—ਜਿਸ ਕਾਰਨ ਇਹਨਾਂ ਦੇ **'ਸਦਮੇ' ਯਾ 'ਘਿਰਣਾ' ਦੀ ਰੰਗਤ** ਸਾਡੇ ਅੰਤਿਸ਼ਕਰਨ ਵਿਚ ਹੋਰ ਡੂੰਘੀ ਉਤਰਦੀ ਜਾਂਦੀ ਹੈ, ਜੋ **ਕਈ ਜਨਮਾਂ ਤਾਂਈ ਦੁਖ-ਕਲੇਸ਼ ਦਾ ਕਾਰਨ ਬਣਦੀਆਂ ਹਨ।**

ਦੂਜੇ ਲਫ਼ਜ਼ਾਂ ਵਿਚ ਐਸੇ **'ਮੋਹ' ਯਾ 'ਘਿਰਣਾ'** ਵਾਲੇ ਕਈ 'ਮੁਰਦੇ' ਅਸੀਂ ਆਪਣੇ **ਅੰਤਿਸ਼ਕਰਨ ਵਿਚ ਅਜਾਈਂ**, ਖ਼ਾਹ-ਮਖ਼ਾਹ **'ਵਸਾਏ' ਹੋਏ ਹਨ**, ਜਿਹੜੇ ਕਈ ਜਨਮਾਂ ਤਾਂਈ ਅਤਿਅੰਤ **ਦੁਖ-ਕਲੇਸ਼-ਕੁਲਝਣਾ ਦਾ ਕਾਰਨ ਬਣਦੇ ਹਨ।**

ਇਹੁ ਜਗੁ ਮੋਹ ਹੇਤ ਬਿਆਪਿਤੰ
ਦੁਖੁ ਅਧਿਕ ਜਨਮ ਮਰਣੰ ॥ (ਪੰਨਾ—505)

ਇਸ ਤਰ੍ਹਾਂ ਅਸੀਂ ਆਪਣੇ ਹਿਰਦੇ ਅਥਵਾ **ਅੰਤਿਸ਼ਕਰਨ ਅੰਦਰ ਆਪੂ ਵਸਾਇਆ ਹੋਇਆ 'ਕਬਰਸਤਾਨ' ਲਈ ਫਿਰਦੇ ਹਾਂ।**

ਦੂਜੇ ਲਫ਼ਜ਼ਾਂ ਵਿਚ ਐਸੀਆਂ **'ਮੋਹ-ਮਾਇਆ' ਵਾਲੇ ਮੁਰਦਿਆਂ ਦੀਆਂ**



In 'egotism', the feeling of 'me-mineness' arises – with this, the 'familiarity' or pull towards 'materialistic things' or persons takes place. This 'familiarity' or pull towards 'me-mine-ness' is called attachment.

When man dies the body perishes while the 'soul' leaves the body.

It is indeed natural for beings while alive to develop attachment through continuous 'company' or interaction of the physical body, and, continuous contemplation of this 'attachment-me-mineness', will cause this 'attachment' to infuse into the lower layers of our consciousness – thus becoming the cause, why even after 'death' the off-spring of attachment continues to remain, as it is already there in our sub consciousness.

In this way the 'attachment' or 'company' that results through the remembrance of :-

the loved or 'attached' dead, and
the hated dead,

become the cause of extreme pain-anxiety and suffering. We continue to dwell upon such loathsome and painful 'thought filled company' of the 'dead' – this is the reason that the hue or colour of their trauma or loathsomeness gets infused even deeper into our sub-consciousness which in turn becomes the cause of pain and anxiety over many impending births.

In other words we have unnecessarily, without rhyme or reason harboured such 'attachment' or 'hatred' towards the many dead in our sub consciousness. Over many impending births they become the cause of extreme pain, conflict anxiety and suffering.

*This world is engrossed in attachment and transitory love; it suffers the terrible pains of birth and death.* *505*

In this way we are carrying around within our heart or sub consciousness a 'cemetery' that we ourselves have inhabited.

In other words the remembrance of such 'attachment-materialism' filled dead beings'

**'ਯਾਦਾਂ'**—'ਭੂਤ-ਪ੍ਰੇਤ' ਵਾਂਗ ਸਾਡੇ ਅੰਤਿਸ਼ਕਰਨ ਦੇ ਕਿਸੇ ਖਲ-ਖੂੰਜੇ ਵਿਚ **ਵਸੀਆਂ ਹੋਈਆਂ ਹਨ**, ਜਿਨ੍ਹਾਂ ਨੂੰ ਅਸੀਂ **'ਮੋਹ' ਦੇ ਜਜ਼ਬਾਤ ਨਾਲ ਪਾਲਦੇ-ਪੋਸਦੇ ਰਹਿੰਦੇ ਹਾਂ** ਅਤੇ ਇਹਨਾਂ ਦੀ **ਯਾਦ ਦੁਆਰਾ 'ਸੰਗਤ' ਕਰਕੇ ਦੁਖ-ਕਲੇਸ਼ ਭੋਗਦੇ ਰਹਿੰਦੇ ਹਾਂ** ।

ਇਹਨਾਂ ਮੁਰਦਿਆਂ ਨੂੰ **'ਯਾਦ ਅਥਵਾ ਚੇਤੇ' ਕਰਨਾ** ਹੀ ਆਪਣੇ ਅੰਦਰ **'ਭੂਤਾਂ'** ਨੂੰ **'ਜਗਾਉਣਾ' ਹੈ** ਅਤੇ **ਉਹਨਾਂ ਦੀ 'ਕੁਸੰਗਤ'** ਕਰਨਾ ਹੈ ।

ਮਰੇ ਹੋਏ ਅਣਹੋਂਦੇ 'ਸਰੀਰ' ਨੂੰ **ਯਾਦ ਕਰਨਾ** ਅਤੇ **ਉਸ 'ਮੁਰਦੇ' ਦੀ 'ਖਿਆਲੀ ਸੰਗਤ' ਕਰਕ ਦੁਖੀ ਹੋਣਾ**, ਸਾਡੀ ਅਗਿਆਨਤਾ ਦਾ **ਘੋਰ ਭਰਮ ਹੈ— ਜਿਸ ਵਿਚ ਸਾਰਾ ਸੰਸਾਰ ਪਰਵਿਰਤ ਹੈ** ।

ਵੀਰਵਾਰਿ ਵੀਰ ਭਰਮਿ ਭੁਲਾਏ ॥
ਪ੍ਰੇਤ ਭੂਤ ਸਭਿ ਦੂਜੈ ਲਾਏ ॥ (ਪੰਨਾ 841)

ਗੁਰਬਾਣੀ ਵਿਚ ਐਸੇ ਝੂਠੇ ਮੋਹ-ਪਿਆਰ ਨੂੰ ਇਉਂ ਦਰਸਾਇਆ ਗਿਆ ਹੈ :—

ਨਾਨਕ ਮਨਮੁਖਿ ਅੰਧੁ ਪਿਆਰੁ ॥ (ਪੰਨਾ—138)

ਏਤੁ ਮੋਹਿ ਫਿਰਿ ਜੂਨੀ ਪਾਹਿ ॥
ਮੋਹੇ ਲਾਗਾ ਜਮਪੁਰਿ ਜਾਹਿ ॥ (ਪੰਨਾ—356)

ਮੂਏ ਕਉ ਰੋਵਹਿ ਕਿਸਹਿ ਸੁਣਾਵਹਿ
ਭੈ ਸਾਗਰ ਅਸਰਾਲਿ ਪਇਆ ॥ (ਪੰਨਾ—906)

ਬਾਲਕ ਮਰੈ ਬਾਲਕ ਕੀ ਲੀਲਾ ॥ ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥
ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ ਰੋਵਣਹਾਰਾ ਹੇ ॥
ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥ ਮੇਰਾ ਮੇਰਾ ਕਰਿ ਰੋਵੀਜੈ ॥
ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ ॥ (ਪੰਨਾ—1027)

ਪੁਤ੍ਰ ਕਲਤ੍ਰ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥
ਜਮਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ ॥ (ਪੰਨਾ—1238)

ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ ॥
ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ ॥ (ਪੰਨਾ—1243)

ਇਸੇ ਤਰ੍ਹਾਂ **ਜੀਉਂਦੇ ਵੈਰੀ ਲਈ ਘਿਰਨਾ ਦੇ ਵਲਵਲਿਆਂ ਦੇ ਅਭਿਆਸ ਦੁਆਰਾ** ਸਾਡੇ ਚਿਤ ਦੀਆਂ ਡੂੰਘੀਆਂ ਤੈਹਾਂ ਵਿਚ **ਇਸ 'ਵੈਰ' ਦੀ ਘਿਰਨਾ ਉਤਰ**



– like the 'goblin or demon', inhabit some corner of our sub consciousness, which we nurture under the sentiments of 'attachment', and through the 'sangat' or company of their remembrance, we face pain and conflict.

'Remembering or recollecting' these dead beings, is indeed (akin to) 'waking up' 'spirits' within us and being a party to their 'negative company'.

Remembering the dead 'being' who is not around and to feel pain by keeping its 'thought company', is the dire fallacy of our ignorance – in this, the whole world is consumed.

1 *Thursday: The fifty-two warriors were deluded by doubt.*
*All the goblins and demons are attached to duality.* 841

The false love of attachment is explained in Gurbani as follows:-

2 *O Nanak, the self-willed manmukhs love the darkness.* 138

3 *In this attachment, people are reincarnated over and over again.*
*Attached to emotional attachment, they go to the city of Death.* 356

4 *You weep for the dead, but who hears you weeping? The dead have fallen to the serpent in the terrifying world-ocean.* 906

5 *The child dies in his childish games.*
*They cry and mourn, saying that he was such a playful child.*
*The Lord who owns him has taken him back. Those who weep and mourn are mistaken.*
*What can they do, if he dies in his youth?* 1027
*They cry out, "His is mine, he is mine!"*
*They cry for the sake of Maya, and are ruined; their lives in this world are cursed.*

6 *Love and attachment to children and spouse is total misery and pain.*
*He is gagged and bound at the door of the Messenger of Death; he dies, and wanders lost in reincarnation.* 1238

7 *You may be in love with tens of thousands, and live for thousands of years; but what good are these pleasures and occupations?*
*And when you must separate from them, that separation is like poison, but they will be gone in an instant.* 1243

In same way through the contemplation of the emotion of hatred for the living enemy, the loathing for 'this enemy' seeps into the deep layers

ਜਾਂਦੀ ਹੈ। ਸਮਾਂ ਪਾ ਕੇ ਇਹ ਘਿਰਨਾ ਐਲਰਜੀ (allergy) ਦਾ ਰੂਪ ਧਾਰ ਲੈਂਦੀ ਹੈ—ਜੋ ਵੈਰੀ ਦੀ ਮੌਤ ਤੋਂ ਬਾਦ ਭੀ ਉਸੇ ਤਰ੍ਹਾਂ ਬਣੀ ਰਹਿੰਦੀ ਹੈ।

ਜਦ ਭੀ ਐਸੇ ਮੋਏ ਹੋਏ ਘਿਰਣਤ ਬੰਦੇ ਦੀ 'ਯਾਦ' ਆਵੇ ਤਾਂ ਸਾਡੀ ਦ੍ਰਿੜ੍ਹ ਕੀਤੀ 'ਐਲਰਜੀ' (allergy) ਦੀ 'ਅੰਸ' ਮੁੜ 'ਜਾਗ' ਪੈਂਦੀ ਹੈ ਅਤੇ ਅਸੀਂ :—

ਈਰਖਾ
ਦਵੈਤ
ਵੈਰ
ਵਿਰੋਧ
ਨਫਰਤ
ਕ੍ਰੋਧ
ਬਦਲੇ ਦੀ ਭਾਵਨਾ

ਵਿਚ ਅਜਾਈਂ ਸੜਦੇ, ਬਲਦੇ ਅਤੇ ਕੁਲਝਦੇ ਰਹਿੰਦੇ ਹਾਂ।

ਇਸ ਤਰਾਂ 'ਘਿਰਨਾ' ਦੀ ਅੱਗ ਅਥਵਾ 'ਐਲਰਜੀ' (allergy) ਦੇ ਹਰ ਦੌਰੇ ਨਾਲ ਸਾਡਾ ਤਨ-ਮਨ ਸੜ-ਬਲ ਕੇ ਕਾਲਾ ਸਿਆਹ ਤੇ ਮਨੂਰ ਹੁੰਦਾ ਜਾਂਦਾ ਹੈ। ਬਲਕਿ ਆਪਣੀ ਘਿਰਣਾਂ (allergy) ਦੀਆਂ ਤੀਖਣ ਕਿਰਨਾਂ ਰਾਹੀਂ ਮੁਰਦੇ 'ਵੈਰੀ' ਦੀ ਰੂਹ ਨੂੰ ਜਾ ਸਾੜਦੇ ਹਾਂ।

ਇਸ ਤਰ੍ਹਾਂ ਸਾਡੀ ਮੌਤ ਤੋਂ ਮਗਰੋਂ ਭੀ ਘਿਰਨਾ ਦੀ ਰੰਗਤ ਨਾਲ ਲਥ-ਪਥ ਹੋਈ ਸਾਡੀ 'ਰੂਹ', 'ਭੂਤ-ਪ੍ਰੇਤ' ਦਾ ਸੂਖਮ ਰੂਪ ਧਾਰ ਲੈਂਦੀ ਹੈ ਅਤੇ ਪੁਰਾਣੇ 'ਬਦਲੇ' ਦੀ ਭਾਵਨਾ ਦੀ ਪੂਰਤੀ ਲਈ ਸਾਡੀ ਰੂਹ 'ਭੂਤ' ਬਣ ਕੇ ਵੈਰੀ ਨੂੰ ਜਾ ਚਿੰਬੜਦੀ ਹੈ, ਤੇ ਉਸ ਨੂੰ, ਦੁਖੀ ਕਰਕੇ ਆਪਣੀ ਤਸੱਲੀ ਕਰਦੀ ਹੈ।

ਇਸੇ ਤੀਖਣ 'ਮੋਹ' ਯਾ ਘਿਰਨਾ ਦੀ ਅੰਸ, 'ਰੰਗਤ' ਅਥਵਾ ਐਲਰਜੀ (allergy) ਕਾਰਨ ਸਾਨੂੰ 'ਭੂਤਾਂ-ਪ੍ਰੇਤਾਂ' ਦੀ ਜੂਨ ਭੀ ਧਾਰਨੀ ਪੈਂਦੀ ਹੈ—ਜੋ ਕਿ ਅਤਿਅੰਤ ਦੁਖਦਾਈ 'ਨਰਕ ਘੋਰ' ਕਾ ਦੁਆਰਾ ਹੈ।

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
ਏਹ ਜਮ ਕੀ ਸਿਰਕਾਰ ਹੈ
ਏਨਾ ਉਪਰਿ ਜਮ ਕਾ ਡੰਡੁ ਕਰਾਰਾ ॥ (ਪੰਨਾ—513) L



of our consciousness. With time this hatred takes the form of an allergy – which remains intact even after the death of the enemy.

Whenever the remembrance of such loathsome person appears, then the off-spring of our ingrained 'allergy' reawakens and we, for no rhyme or reason keep simmering, seething, and suffering in:-

jealousy
duality
enmity
confrontation
hatred
anger (and)
desire for revenge.

In this way with each and every attack of the fire of 'hatred' or allergy, our body and mind getting singed, turns black and becomes slag. In fact through the intense rays of our hatred we go and scorch the soul of the deceased 'enemy'

In this way even after our death, our soul, besmeared in the hue of hatred, takes on the subtle form of 'goblin-demon' and in the process of fulfilling the desire of some old revenge, it assumes the form of a 'spirit' and goes to cling on to the enemy and in so doing, it inflicts suffering on him and gets satisfaction (of a job accomplished).

Due to the off-spring, hue or allergy of this intense 'attachment' or hatred, we have to assume the life-form of 'spirits' – which is the doorway to the intensely painful 'most horrible hell'.

*Emotional attachment to Maya, sexual desire, anger and egotism are demons. Because of them, mortals are subject to death; above their heads hangs the heavy club of the Messenger of Death.* *513*

ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ ॥
ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ
ਫਾਹੀ ਫਾਥਾ ਜਮ ਕੈ ਜਾਲ ॥ (ਪੰਨਾ—806)
ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥
ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥ (ਪੰਨਾ—1009)

**'ਮੋਹ' ਯਾ 'ਘਿਰਨਾ' ਦੇ ਤੀਖਣ ਵਲਵਲੇ, ਦੋਹਾਂ ਰੂਹਾਂ ਲਈ, ਜੀਉਂਦਿਆਂ ਅਤੇ ਮੌਤ ਤੋਂ ਬਾਅਦ ਭੀ, ਅਤਿਅੰਤ ਦੁਖਦਾਈ ਅਤੇ ਹਾਨੀਕਾਰਕ ਹਨ।**

ਇਹਨਾਂ ਵਿਚਾਰਾਂ ਤੋਂ ਸਪਸ਼ਟ ਹੈ ਕਿ **'ਜਿਉਂਦਿਆਂ' ਦੀ 'ਕੁਸੰਗਤ' ਨਾਲੋਂ 'ਮੁਰਦਿਆਂ' ਦੀ 'ਕੁਸੰਗਤ' ਜ਼ਿਆਦਾ ਹਾਨੀਕਾਰਕ ਅਤੇ ਅਤਿਅੰਤ ਦੁਖਦਾਈ ਹੈ।**

ਐਸੀ ਜਿਉਂਦਿਆਂ' ਅਤੇ 'ਮੁਰਦਿਆਂ' ਦੀ **ਕੁਸੰਗਤ ਤੋਂ 'ਬਚਣ' ਲਈ** ਗੁਰਬਾਣੀ ਵਿਚ ਇਹ ਨੁਸਖੇ ਦਸੇ ਗਏ ਹਨ :—

'ਰੋਸੁ ਨ ਕਾਹੂ ਸੰਗ ਕਰਹੁ'
'ਆਪਨ ਆਪੁ ਬੀਚਾਰਿ'
'ਪਰ ਕਾ ਬੁਰਾ ਨ ਰਾਖਹੁ ਚੀਤ'
'ਬੁਰੇ ਦਾ ਭਲਾ ਕਰਿ'
'ਗੁਸਾ ਮਨਿ ਨ ਹਢਾਇ'
'ਨਿੰਦਾ ਭਲੀ ਕਿਸੈ ਕੀ ਨਾਹੀ'
'ਖਿਮਾ ਧੀਰਜੁ' ਦੀ ਆਦਤ,
'ਨਾ ਕੋ ਬੈਰੀ ਨਹੀ ਬਿਗਾਨਾ'
'ਦਇਆ ਜਾਣੈ ਜੀਅ ਕੀ'
'ਚਲਣ ਜਾਣਿ ਜੁਗਤਿ ਮਿਹਮਾਣਾ'
'ਪਰਨਿੰਦਾ ਸੁਣਿ ਆਪੁ ਹਟਾਵੈ'
"ਛੋਡਿ ਅਉਗਣ ਚਲੀਐ"

ਇਸ ਦਾ ਮਤਲਬ ਇਹ ਹੈ ਕਿ ਜਦ ਕੋਈ ਸਾਡੇ ਨਾਲ ਵਧੀਕੀ ਯਾ ਬੇਇਨਸਾਫ਼ੀ ਕਰੇ ਤਾਂ ਮਨ ਵਿਚ **'ਰੋਸ' ਕਰਨ ਦੀ ਬਜਾਏ** ਉਸ ਗੱਲ ਨੂੰ ਉਸੇ ਵੇਲੇ **'ਹੋਊ' ਅਥਵਾ 'ਕੋਈ ਨਾ' ਕਹਿ ਕੇ ਭੁਲਾ ਦਿਓ** ਅਤੇ ਉਸ ਨੂੰ **'ਖਿਮਾ' ਕਰ ਦੇਓ।** ਜੇ ਉਸੇ ਵੇਲੇ **'ਰੋਸ' ਵਾਲੀ ਗੱਲ ਨੂੰ ਭੁਲਾਇਆ ਨਾ ਗਿਆ ਤਾਂ ਇਹ 'ਰੋਸੇ-ਗਿਲੇ' ਸਾਡੇ ਮਨ**



1 *Intoxicated with the wine of attachment, love of worldly possessions and deceit, and bound in bondage, he is wild and hideous.*
*Day by day, his life is winding down; practicing sin and corruption, he is trapped by the noose of Death.* 806

2 *The snake may be locked in a basket, but it is still poisonous, and the anger within its mind remains.*
*One obtains what is pre-ordained; why does he blame others?* 1009

The intense emotions of 'attachment' or 'hatred' are extremely painful and harmful for both souls, while living and even after death.

It is clear from this discussion that the 'negative company' of the 'dead' is more harmful and painful than the 'negative company' of the living.

As a protection from such living and dead 'negative company' Gurbani offers these prescriptions:-

Do not be angry with anyone else;
look within your own self instead.
Do not harbor evil intentions against others in your mind,
answer evil with goodness;
do not fill your mind with anger.
It is not good to slander anyone,
(make) forgiveness and patience a habit
No one is my enemy, and no one is a stranger.
Showing mercy to other beings
be ever ready to depart from here
be detached and become indifferent to the backbiting of others
let us abandon our faults, and walk on the Path.

This means that when someone tries to takes advantage of us or does injustice to us, instead of harbouring a grievance, at that moment say 'let it be' or 'never mind' and forget about it at the same time 'forgive' him. If at that moment the thought of grievance is not forgiven then this grievance

ਦੀ ਫੱਟੀ ਤੇ ਉਕਰੇ ਜਾਣਗੇ ਅਤੇ ਸਹਿਜੇ-ਸਹਿਜੇ ਇਹ ਅੰਤਿਸ਼ਕਰਨ ਵਿਚ ਧਸ, ਵਸ, ਰਸ ਕੇ ਐਲਰਜੀ ਬਣ ਜਾਵੇਗੀ, ਜੋ ਮੌਤ ਤੋਂ ਬਾਦ ਭੀ ਸਾਡੇ ਨਾਲ ਹੀ ਜਾਵੇਗੀ। ਇਸ ਤਰ੍ਹਾਂ ਅਸੀਂ ਇਨ੍ਹਾਂ ਰੋਸੇ-ਗਿਲਿਆਂ ਦੀ ਯਾਦ ਦੁਆਰਾ ਉਨ੍ਹਾਂ ਨਾਲ 'ਕੁਸੰਗਤ' ਕਰਦੇ ਰਹਾਂਗੇ।

Forgive and forget at once<br>
Malice against none,<br>
Love for all.

## 5. ਕੁਦਰਤ ਦੀ ਸੰਗਤ :—

ਸੰਸਾਰ ਵਿਚ ਅਕਾਲ ਪੁਰਖ ਨੇ ਬੇਅੰਤ ਰੰਗਾਂ ਰੂਪਾਂ ਵਿਚ ਆਪਨੀ ਸੋਹਣੀ-ਮਨਮੋਹਣੀ 'ਕੁਦਰਤ' ਰਚੀ ਹੋਈ ਹੈ ਅਤੇ ਆਪ ਹੀ ਇਸ 'ਕੁਦਰਤ' ਅੰਦਰ ਗੁਪਤ ਸਰੂਪ ਵਿਚ ਰਵਿ ਰਹਿਆ ਭਰਪੂਰ ਹੈ। ਅਤੇ ਆਪਣੇ 'ਹੁਕਮ' ਦੁਆਰਾ 'ਚੋਜ ਵਿਡਾਣਾ' ਕਰ ਰਿਹਾ ਹੈ।

ਕੁਦਰਤਿ ਕਰਿ ਕੈ ਵਸਿਆ ਸੋਇ ॥ (ਪੰਨਾ—84)

ਨਿਕਟਿ ਜੀਅ ਕੈ ਸਦਹੀ ਸੰਗਾ ॥<br>
ਕੁਦਰਤਿ ਵਰਤੈ ਰੂਪ ਅਰੁ ਰੰਗਾ ॥ (ਪੰਨਾ—376)

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥...<br>
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥...<br>
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥<br>
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ<br>
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ (ਪੰਨਾ—464)

ਬਲਿਹਾਰੀ ਕੁਦਰਤਿ ਵਸਿਆ ॥<br>
ਤੇਰਾ ਅੰਤੁ ਨ ਜਾਈ ਲਖਿਆ ॥ (ਪੰਨਾ—469)

ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ ਰਵਿ ਰਹਿਆ ਨਹੀ ਦੂਰੀ ਜੀਉ ॥<br>
ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ<br>
ਹਰਿ ਆਪਿ ਰਹਿਆ ਭਰਪੂਰਿ ਜੀਉ ॥ (ਪੰਨਾ—174)

ਸਾਡਾ ਮਨ 'ਮਾਇਆ' ਵਿਚ ਗਲਤਾਨ ਹੋ ਕੇ ਇਤਨਾ ਅਸਥੂਲ ਅਥਵਾ ਮੰਨੂਰ ਹੋ ਚੁਕਿਆ ਹੈ ਕਿ ਸਾਨੂੰ ਇਸ 'ਸੁਹਾਣ ਤੇਰੀ ਕੁਦਰਤ' ਵਲ ਦੇਖਣ ਦੀ



will get etched on the slate of our mind and by and by it will thrust, permeate and diffuse into our sub consciousness and become an allergy. In this way through the remembrance of these grievances we will be participating in the negative company with them.

Forgive and forget at onec<br>
malice against none,<br>
Love for all.

## 5 Nature's company

The Timeless Being has fashioned His beautiful-bewitching 'creation' in numerous colours and forms and He Himself, is totally permeating and pervading all in this creation in a hidden form. And according to his 'hukam' or command He is displaying His 'wondrous play'.

1 *He created the Creative Power of the Universe, within which He dwells.* 84

2 *He created the Creative Power of the Universe, within which He dwells.* 376

3 *By His Power the nether worlds exist, and the Akaashic ethers; by His Power the entire creation exists......*<br>
*- By His Power come the species of all kinds and colors; by His Power the living beings of the world exist....*<br>
*By His Power wind, water and fire exist; by His Power earth and dust exist.........*<br>
*Everything is in Your Power, Lord; You are the all-powerful Creator. Your Name is the Holiest of the Holy.*<br>
*O Nanak, through the Command of His Will, He beholds and pervades the creation; He is absolutely unrivalled. 464*

4 *I am a sacrifice to Your almighty creative power which is pervading everywhere. Your limits cannot be known.* 469

5 *He Himself is permeating and pervading the waters and the lands, O my Lord of the Universe; He is All-pervading - He is not far away.*<br>
*The Lord Himself is within the self, and outside as well, O my Lord of the Universe; the Lord Himself is fully pervading everywhere.* 174

Engrossed in 'materialism', our mind has become so coarse or dross that we neither have the time nor do we feel the need to see this 'beautiful

**‘ਫ਼ੁਰਸਤ’ ਯਾ ‘ਲੋੜ’ ਹੀ ਨਹੀਂ ਭਾਸਦੀ।** ਕਿਉਂਕਿ ਕੁਦਰਤ ਦੇ ਬੇਅੰਤ ਸਰੂਪਾਂ ਦੇ ‘ਦ੍ਰਿਸ਼’ (scenery) ਅਤੇ **ਸੁਹਣਪ ਨੂੰ ਮਾਨਣ ਲਈ ਸਾਡੇ ਅੰਦਰ ‘ਭਾਵਨੀ’ ਹੀ ਨਹੀਂ ਹੁੰਦੀ।**

ਬਾਗ, ਬਗੀਚੇ, ਪਾਰਕਾਂ (parks) ਅਥਵਾ ਜੰਗਲਾਂ ਵਿਚ **ਕੁਦਰਤ ਦੇ ‘ਦਰਸ਼ਨ’ ਮਾਨਣ ਲਈ** ਸਾਨੂੰ ਫ਼ੁਰਸਤ ਹੀ ਨਹੀਂ ਅਤੇ ਨਾ ਹੀ ਇਸ ਲਈ ਖਰਚਾ ਅਤੇ ਉਦਮ ਕਰਨ ਲਈ ਤਿਆਰ ਹੁੰਦੇ ਹਾਂ। ਇਹੋ ਕਾਰਨ ਹੈ ਕਿ ਹਰ ਸ਼ਹਿਰ ਵਿਚ ਕਈ ਬਾਗ ਬਗੀਚੇ ਅਤੇ ਪਾਰਕਾਂ ਦੇ ਹੁੰਦਿਆਂ ਭੀ **ਬਹੁਤ ਥੋੜੇ ਪ੍ਰਾਣੀ ਹੀ ਇਹਨਾਂ ਨੂੰ ਦੇਖਣ ਜਾਂਦੇ ਹਨ ਯਾ ਲਾਹਾ ਲੈਂਦੇ ਹਨ।**

ਜਦ ਅਸੀਂ ਕੁਦਰਤ ਦੇ **ਵਿਲੱਖਣ ਅਤੇ ਸੋਹਣੇ ਸਰੂਪਾਂ ਦਾ ਰੰਗ ਮਾਣਦੇ ਹਾਂ** ਤਾਂ ਅਸੀਂ **ਕੁਦਰਤ ਨਾਲ ‘ਸੰਗ’ ਅਥਵਾ ‘ਸੰਗਤ’ ਕਰਦੇ ਹੁੰਦੇ ਹਾਂ। ਐਸੀ ਕੁਦਰਤ ਦੀ ਸੰਗਤ’ ਕਰਨ ਵਾਲੇ ਅਤੇ ਰੰਗ ਮਾਨਣ ਵਾਲੇ ਪ੍ਰਾਣੀ ਵੀ ਬਹੁਤ ਘੱਟ ਹੁੰਦੇ ਹਨ।**

**ਪਰ ਕੁਦਰਤ ਦੇ ਬਾਹਰਲੇ ਰੰਗ-ਰੂਪ ਨੂੰ ਮਾਨਣਾ ਮਨ ਦੀ ‘ਮਾਨਸਿਕ ਸੰਗਤ’ ਹੀ ਹੈ।** ਜਿਵੇਂ—ਕਵੀ, ਫ਼ਿਲਾਸਫ਼ਰ, ਚਿੱਤਰਕਾਰ, ਸੰਗੀਤਕਾਰ ਅਤੇ ਗਾਇਕ ਆਦਿ ਕਲਾਕਾਰ, ਕੋਮਲ ਮਨ ਹੋਣ ਕਾਰਨ, ਆਮ ਜੀਵਾਂ ਨਾਲੋਂ ਜ਼ਿਆਦਾ ਕੁਦਰਤ ਤੋਂ ਲਾਹਾ ਲੈਂਦੇ ਹਨ।

ਇਸ ਤੋਂ ਅਗੇ ਗੁਰਮੁਖ ਜਨ ਕੁਦਰਤੀ ਦੇ ਪਿਛੋਕੜ ਵਿਚ **ਰਵਿ ਰਹੇ ਗੁਪਤ ‘ਕਰਤੇ’ ਅਥਵਾ ਅਕਾਲ ਪੁਰਖ ਦੀ ‘ਹਸਤੀ’ ਨੂੰ ਬੁਝ, ਚੀਨ ਅਤੇ ਪਹਿਚਾਨ ਕੇ, ਉਸ ਦੀ—**

**ਹੋਂਦ**
**ਸ਼ਕਤੀ**
**ਕਲਾਕਾਰੀ**
**ਕੋਮਲ ਹੁਨਰੀ**
**ਰੰਗ**
**ਰਸ**
**ਸੋਹਜ**
**ਸੋਹਣਪ**
**ਵਿਲੱਖਣ ਸਰੂਪਾਂ ਦੇ ਦਰਸ਼ਨਾਂ**



creation of yours’. This is so because we have no ‘desire’ within us to see and enjoy these bountiful scenic forms of the creation.

There seems to be no time to savour nature’s scenery in gardens, orchards, parks or jungles and neither is there a readiness to spend or make an effort to make this happen. This is the reason why despite having so many gardens, orchards and parks in every town, very few people go to see or derive benefit from them.

When we savour or enjoy the unusual colour and the beautiful forms of the creation, we are ‘communing’ or ‘keeping company’ with the creation. Those who keep such company of the creation and who savour and enjoy the colour, too are very few in number.

It is but only the ‘mental company’ that can take delight in the external colour and form of the creation. For example – artists like poets, philosophers, painters, musicians and singers etc, because they have sensitive minds, they are able to benefit more from the creation than ordinary people.

Beyond this, Guru-orientated ones, being able to decipher, discover and recognise the pervading invisible ‘creator’s ‘personality’ in the background of the creation are able to savour or enjoy His

presence
personality
artistry
fine art
colour
taste
splendour
beauty
sight of distinctive forms

ਨੂੰ 'ਮਾਣਕੇ' ਅਤੇ ਉਸ ਦੀ 'ਸਮੀਪਤਾ' ਅਥਵਾ 'ਸੰਗਤਿ' ਵਿਚ—

ਸ਼ਰਧਾ ਭਾਵਨੀ
ਸ਼ੁਕਰਾਨਾ
ਪ੍ਰੇਮ-ਸਵੈਪਨਾ
'ਵਾਹ-ਵਾਹ'
ਅਸਚਰਜਤਾ
ਵਿਸਮਾਦ

ਦਾ **'ਆਤਮ-ਰੰਗ' ਤੇ 'ਰਸ' ਮਾਣਦੇ ਹੋਏ, ਕਿਸੇ ਅਕਹਿ ਬਿਸਮਾਦੀ ਮਸਤੀ ਵਿਚ ਬੇਖੁਦ ਹੋ ਜਾਂਦੇ ਹਨ।**

ਓਇ ਜੁ ਦੀਸਹਿ ਅੰਬਰਿ ਤਾਰੇ ॥
ਕਿਨਿ ਓਇ ਚੀਤੇ ਚੀਤਨਹਾਰੇ ॥੧॥
ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥
ਬੂਝੈ ਬੂਝਨਹਾਰੁ ਸਭਾਗਾ ॥੧॥ ਰਹਾਉ ॥
ਸੂਰਜ ਚੰਦੁ ਕਰਹਿ ਉਜੀਆਰਾ ॥
ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੨॥
ਕਹੁ ਕਬੀਰ ਜਾਨੈਗਾ ਸੋਇ ॥
ਹਿਰਦੈ ਰਾਮੁ ਮੁਖਿ ਰਾਮੈ ਹੋਇ ॥੩॥ (ਪੰਨਾ-329)

ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਾਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਦਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥ (ਪੰਨਾ-464)
ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ ॥ (ਪੰਨਾ—515)
ਕਰਤੇ ਕੁਦਰਤੀ ਮੁਸਤਾਕੁ ॥ (ਪੰਨਾ—724)
ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ **ਅਜਾਤਿ ॥** (ਪੰਨਾ—18)



and in His 'closeness' or 'company', the enjoyment of the 'divine-colour' and relish of

reverence filled faith
thankfulness
love of the Self within
wonderment
astonishment
blissfulness,

they get lost in some unutterable, wondrous intoxication.

1 *The stars which are seen in the sky*
*- who is the painter who painted them? ||1||*
*Tell me, O Pandit, what is the sky attached to?*
*Very fortunate is the knower who knows this. ||1||Pause||*
*The sun and the moon give their light;*
*God's creative extension extends everywhere. ||2||*
*Says Kabeer, he alone knows this,*
*whose heart is filled with the Lord, and whose mouth is also filled with the Lord. 329*

2 *Wonderful are the forms, wonderful are the colors.*
*Wonderful are the beings who wander around naked.*
*Wonderful is the wind, wonderful is the water.*
*Wonderful is fire, which works wonders.*
*Wonderful is the earth, wonderful the sources of creation.*
*Wonderful are the tastes to which mortals are attached.*
*Wonderful is union, and wonderful is separation.*
*Wonderful is hunger, wonderful is satisfaction.*
*Wonderful is His Praise, wonderful is His adoration.*
*Wonderful is the wilderness, wonderful is the path.*
*Wonderful is closeness, wonderful is distance.*
*How wonderful to behold the Lord, ever-present here.*
*Beholding His wonders, I am wonder-struck.*
*O Nanak, those who understand this are blessed with perfect destiny. 464*

3 *Waaho! Waaho! The Lord is pervading and permeating the oceans and the land; the Gurmukh attains Him. 515*

4 *O Creator, through Your creative potency, I am in love with You. 724*

5 *You have so many Creative Powers, Lord; Your Bountiful Blessings are so Great.*
*So many of Your beings and creatures praise You day and night.*
*You have so many forms and colours, so many classes, high and low. 18*

L83.8

ਹਉ ਬਨੁ ਬਨੋ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ ॥
ਤ੍ਰਿਭਵਣੋ ਤੁਝਹਿ ਕੀਆ ਸਭੁ ਜਗਤੁ ਸਬਾਇਆ ਰਾਮ ॥ (ਪੰਨਾ—437)

**ਇਹ ਕੁਦਰਤ ਦੀ 'ਆਤਮਿਕ ਸੰਗਤ' ਹੈ,** ਜਿਸ ਦੁਆਰਾ ਅਸੀਂ **ਅਨੋਖੇ ਇਲਾਹੀ ਅਹਿਲਾਦ ਦੇ ਹਲੋਰੇ ਅਥਵਾ ਝਲਕਾਰੇ ਦਾ ਰੰਗ-ਰਸ ਮਾਣਦੇ ਹਾਂ—** ਜਿਸ ਨੂੰ ਗੁਰਬਾਣੀ ਵਿਚ 'ਸਬਦ' ਯਾ 'ਨਾਮ' ਕਿਹਾ ਗਿਆ ਹੈ ।

ਜਲਿ ਥਲਿ ਮਹੀਅਲਿ ਗੁਪਤੋ ਵਰਤੈ
ਗੁਰ ਸਬਦੀ ਦੇਖਿ ਨਿਹਾਰੀ ਜੀਉ ॥ (ਪੰਨਾ—597)

ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥
ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥ (ਪੰਨਾ—1043)

ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥ (ਪੰਨਾ—1084)

ਊਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥
ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ॥ (ਪੰਨਾ—1107)

### 6. **ਬਚਨਾਂ ਦੀ ਸੰਗਤ :—**

ਮਨ ਦੇ ਖਿਆਲਾਂ ਅਤੇ ਵਲਵਲਿਆਂ ਨੂੰ ਭਾਸ਼ਾ (language) ਦੇ ਸਰੂਪ ਵਿਚ ਰਸਨਾ ਦੁਆਰਾ **ਪ੍ਰਗਟਾਵੇ ਨੂੰ 'ਬਚਨ' ਅਥਵਾ 'ਬੋਲੀ' ਕਿਹਾ ਗਿਆ ਹੈ ।**

ਸਾਡੇ **ਖਿਆਲਾਂ ਦੀ 'ਰੰਗਤ' ਅਨੁਸਾਰ ਸਾਡੇ 'ਬਚਨਾਂ' ਦੀ 'ਰੰਗਤ' ਹੁੰਦੀ ਹੈ ।** ਜਿਹਾ ਕਿ ਆਦਰ-ਭਾਉ, **ਸ਼ਰਧਾ ਅਤੇ ਪਿਆਰ ਦੇ ਵਲਵਲਿਆਂ ਦੇ ਪ੍ਰਗਟਾਵੇ ਲਈ ਸ਼ਾਂਤਮਈ, ਸੁਹਾਵਣੇ, ਕੋਮਲ, ਮਿਠੇ ਬਚਨ ਸਹਿਜ-ਸੁਭਾਇ ਮੂੰਹ ਵਿਚੋਂ ਨਿਕਲਦੇ ਹਨ,** ਜਿਸ ਨਾਲ ਮਨ ਵਿਚ **ਸਤਿਕਾਰ, ਪਿਆਰ, ਠੰਢ ਅਤੇ ਸ਼ਰਧਾ-ਭਾਵਨੀ ਉਪਜਦੀ ਹੈ ।**

ਇਸ ਦੇ ਉਲਟ-ਈਰਖਾ, ਦਵੈਤ, ਕ੍ਰੋਧ, ਘਿਰਨਾ ਦੇ ਵਲਵਲਿਆਂ ਦੇ ਪ੍ਰਗਟਾਵੇ ਲਈ **ਕਠੋਰ, ਕੌੜੇ, ਫਿਕੇ, ਹਿਰਦੇ-ਵੇਧਕ ਬਚਨ ਵਰਤੇ ਜਾਂਦੇ ਹਨ,** ਜਿਸ ਨਾਲ—

**ਵੈਰ**
ਵਿਰੋਧ



*1 I have searched the jungles and forests, and looked upon all the fields.*
*You created the three worlds, the entire universe, everything. 437*

This is the 'divine community' of the creation, through which we enjoy the colourful-relish of the extraordinary swaying of the divine lineage or flashes – which in Gurbani is referred to as 'shabad' or 'naam'.

*1 In the water, on the land, and in the sky, He is pervading but hidden; through the Word of the Guru's Shabad, He is revealed. 597*

*2 Seeing the Lord's creative power, my mind remains satisfied.*
*Through the Guru's Shabad, I have realized that all is God. 1043*

*3 The Creator Lord has Creative Power; the Merciful Lord has Mercy.*
*The Praises and the Love of the Merciful Lord are unfathomable.*
*Realize the True Hukam, the Command of the Lord, O Nanak; you shall be released from bondage, and carried across. 1084*

*4 The sky is overcast with heavy, low-hanging clouds; the rain is delightful, and my Beloved's Love is pleasing to my mind and body.*
*O Nanak, the Ambrosial Nectar of Gurbani rains down; the Lord, in His Grace, has come into the home of my heart. 1107*

## 6 The company of the spoken word or speech:-

Manifestation of thoughts and emotions in the form of a language through the tongue is called 'speech' or the 'spoken word'.

The colour of our thoughts determines the 'colour' of our 'speech'. For example in the manifestation of the emotions like respect and love, faith and adoration calm, beautiful, tender, sweet words spontaneously flow out of the mouth which in turn cause respect, love, coolness and faith filled sincerity to arise in the mind.

Exactly opposed to this - to manifest the emotions of jealousy, duality, anger, hatred – heartless, hollow, heart-wrenching words are used which in turn lead to the arising and sharpening of –

enmity
confrontation

ਈਰਖਾ
ਦਵੈਤ
ਸ਼ਕ
ਸਾੜਾ
ਘਿਰਨਾ
ਬਦਲੇ ਦੀਆਂ ਭਾਵਨਾਵਾਂ

**ਉਪਜਦੀਆਂ ਅਤੇ ਤੀਖਣ ਹੁੰਦੀਆਂ ਹਨ।**

ਭਾਵੇਂ ਇਹ ਕਠੋਰ ਬਚਨ-'ਤੀਰ ਦੀ ਤਰਾਂ' ਖਿਨ ਪਲ ਵਿਚ ਸੁਣੇ ਤੇ ਸੁਣਾਏ ਜਾਂਦੇ ਹਨ, ਪਰ ਇਹਨਾਂ **'ਬਚਨਾਂ' ਅਥਵਾ 'ਬੋਲਾਂ' ਦਾ ਅਸਰ ਮਨ ਉੱਤੇ ਗਹਿਰਾ ਉਕਰਿਆ ਜਾਂਦਾ** ਹੈ **ਅਤੇ ਬਅੰਤ ਸਮੇਂ ਤਾਈਂ** ਇਨ੍ਹਾਂ ਮਾਨਸਿਕ **ਜ਼ਖਮਾਂ ਦੀਆਂ 'ਚੀਸਾਂ' ਭੁਗਤਦੇ ਹਾਂ। ਐਸੇ ਤਾਹਨੇ-ਮਿਹਣੇ ਵਾਲੇ ਤੀਖਣ 'ਬੋਲਾਂ' ਨੂੰ ਮੁੜ-ਮੁੜ ਯਾਦ ਕਰਕੇ 'ਮਾਨਸਿਕ ਜ਼ਖਮਾਂ' ਨੂੰ ਤਾਜ਼ਾ ਕਰੀ ਜਾਂਦੇ ਹਾਂ ਤੇ ਇਹਨਾਂ ਦੀਆਂ ਗਹਿਰੀਆਂ ਤੀਖਣ ਚੀਸਾਂ ਵਿਚ ਸੜਦੇ, ਬਲਦੇ, ਕੁਲਝਦੇ ਰਹਿੰਦੇ ਹਾਂ।**

ਐਸੇ **ਕਠੋਰ 'ਬਚਨਾਂ' ਨੂੰ—**

**ਸੁਣਨਾ,**
ਸੁਣ **ਕੇ** ਉਹਨਾਂ ਦਾ **ਅਸਲ ਕਬੂਲ ਕਰਨਾ** ਅਤੇ
ਮੁੜ-ਮੁੜ ਉਹਨਾਂ 'ਬੋਲਾਂ' **ਨੂੰ ਘੋਟਣਾ**

**ਹੀ 'ਬਚਨਾਂ' ਰਾਹੀਂ 'ਕੁਸੰਗਤ' ਕਰਨੀ ਹੈ।**

ਉਦਾਹਰਨ ਦੇ ਤੌਰ ਤੇ ਕਿਸੇ 'ਸੱਸ' ਦੁਆਰਾ 'ਨੂੰਹ ਨੂੰ' **ਕੋਈ ਤਾਹਨਾ ਮਾਰਿਆ ਜਾਵੇ** ਕਿ —

'ਕਲੱਖਣੀ'
'ਕੁਚੱਜੀ' ਆਦਿ।

'ਸੱਸ' ਦੇ ਐਸੇ **ਮਿਹਣੇ'** ਅਥਵਾ **ਬਚਨਾ ਦੇ ਤੀਰ** ਨੂੰਹ ਦੇ ਮਨ, ਚਿਤ, ਹਿਰਦੇ ਦੀਆਂ ਡੂੰਘਿਆਈਆਂ ਵਿਚ ਧਸ-ਵਸ-ਰਸ ਜਾਂਦੇ ਹਨ, ਜਿਨ੍ਹਾਂ ਨੂੰ ਨਿਤਾ-ਪ੍ਰਤੀ, ਮੁੜ-ਮੁੜ ਯਾਦ ਕਰਕੇ 'ਨੂੰਹ' ਘਿਰਨਾ ਅਤੇ ਕੁਲਝਣਾ ਦੇ 'ਭੱਠ' ਵਿਚ ਆਪ **ਸੜਦੀ ਬਲਦੀ** ਰਹਿੰਦੀ ਹੈ ਜਿਸ ਦੇ ਨਤੀਜੇ ਵਜੋਂ 'ਪੇਕੇ-ਸੌਹਰੇ' ਦੇ ਦੋਹਾਂ ਪ੍ਰਵਾਰਾਂ ਵਿਚ ਵੈਰ-ਵਿਰੋਧ ਅਤੇ ਘਿਰਨਾ ਦੁਆਰਾ **'ਪਾੜਾ ਵੱਧਦਾ ਜਾਂਦਾ ਹੈ।**



jealousy
duality
suspicion
envy
hatred
revengeful sentiments.

Even though these heartless words – 'like an arrow' take only a moment to listen or say, but their effect gets deeply carved on the mind and we suffer the 'pains' of the mental wounds over a prolonged period of time. We tend to reopen these 'mental wounds' by recollecting such sharp taunt filled words over and over again only to burn, smoulder and writhe in their deep rooted sharp pains.

Listening to (and)
after listening, getting affected and
continuing to dwell over and over again

on such heartless 'words' is indeed keeping negative company with these words..

As an example, if a 'mother-in-law' taunts a 'daughter-in-law' with words such as:-

'ill-mannered'
'meritless' etc.

Such 'taunts' of the mother-in-law or the arrows of words, thrust permeate-diffuse into the deeper recesses of the daughter-in-law's mind, consciousness, heart, and by regularly recalling them over and over again, the daughter-in-law burns in the 'furnace' of hatred and grievance. This in turn results in enmity and confrontation between both the families - the wife's side and the husband's side - and through this their differences widen.

ਇਸ ਤਰਾਂ ਜਿਤਨੀ ਤੀਖਣ ਭਾਵਨਾ ਨਾਲ 'ਤਾਹਨੇ-ਮਿਹਣੇ ਅਥਵਾ ਬੋਲਾਂ ਦੇ ਤੀਰ' ਮਾਰੇ ਜਾਂਦੇ ਹਨ, ਸੁਨਣ ਵਾਲੇ ਦੇ ਮਨ-ਚਿਤ ਵਿਚ ਉਤਰਾ ਹੀ ਗਹਿਰਾ 'ਜ਼ਖਮ' ਹੋ ਜਾਂਦਾ ਹੈ। ਜਿਸ ਨੂੰ ਸਾਰੀ ਉਮਰ 'ਯਾਦ' ਦੁਆਰਾ ਘਟ-ਘਟ ਕ ਅਤਿਅੰਤ ਦੁਖੀ ਹੁੰਦੇ ਰਹਿੰਦੇ ਹਾਂ।

ਦੂਜੇ ਲਫ਼ਜਾਂ ਵਿਚ ਇਸ ਤਰ੍ਹਾਂ ਦੇ ਘਿਰਨਾਂ ਵਾਲੇ ਮਿਹਣਿਆਂ ਅਥਵਾ ਬਚਨਾਂ ਨੂੰ ਨਿਤਾ-ਪ੍ਰਤੀ ਯਾਦ ਕਰਕੇ, ਅਥਵਾ ਘੋਟੱ-ਘੋਟ ਕੇ ਅਤਿਅੰਤ ਤੀਖਣ ਤ ਸ਼ਕਤੀ-ਮਾਨ ਬਣਾ ਲੈਂਦੇ ਹਾਂ। ਜਿਸ ਦੀ ਨੋਕ 'ਥੋਹਰ ਦੇ ਕੰਡੇ' ਵਾਂਗ, ਹਰ ਵਾਰ 'ਯਾਦ' ਅਥਵਾ 'ਸੰਗਤ' ਕਰਦਿਆਂ ਹੋਰ ਡੂੰਘੀ ਨਿੱਗਰਦੀ ਜਾਂਦੀ ਹੈ। ਇਸ ਤਰ੍ਹਾਂ 'ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ' ਵਾਲੀ ਹਾਲਤ ਹੋ ਜਾਂਦੀ ਹੈ ਅਤੇ ਘਿਰਨਾ ਦੀਆਂ ਜ਼ਹਿਰੀਲੀਆਂ ਭਾਵਨਾਵਾਂ ਵਿਚ ਸੜਦੇ, ਬਲਦੇ ਅਤੇ ਕੁਲਝਦੇ ਨਰਕ ਭੋਗਦੇ ਰਹਿੰਦੇ ਹਾਂ।

ਇਥੇ 'ਦ੍ਰੋਪਤੀ' ਦਾ ਇਤਿਹਾਸਿਕ ਉਦਾਹਰਨ ਭੀ ਠੀਕ ਢੁਕਦਾ ਹੈ ਕਿ ਇਕ ਸਮੇਂ ਜਦੋਂ ਮਖੌਲ ਨਾਲ ਉਸਨੇ ਕਿਹਾ ਕਿ 'ਅੰਨ੍ਹਿਆਂ ਦੇ ਅੰਨ੍ਹੇ ਹੀ ਹੁੰਦੇ ਹਨ'। ਤਾਂ ਇਹ 'ਬੋਲ' ਤੀਖਣ ਬਾਣ ਵਾਂਗ ਜਾ ਲਗੇ ਤੇ ਇਸ ਬਚਨ ਦੀ 'ਕੁਸੰਗਤ' ਦਾ ਇਤਨਾ ਗੂੜ੍ਹਾ, ਗਹਿਰਾ ਤੇ ਤੀਖਣ ਜ਼ਖਮ ਹੋ ਗਿਆ, ਜਿਸ ਦੇ ਨਤੀਜੇ ਵਜੋਂ 'ਦ੍ਰੋਪਤੀ' ਨੂੰ ਭਰੀ ਸਭਾ ਵਿਚ ਨਗਨ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਕੁਰਸ਼ੇਤਰ ਵਿਚ 'ਮਹਾਂਭਾਰਤ' ਜੰਗ ਹੋਇਆ ਜਿਸ ਭਿਆਨਕ ਲੜਾਈ ਵਿਚ ਬੇਅੰਤ ਖਲਕਤ ਮਾਰੀ ਗਈ।

ਅੰਦਰਿ ਸਭਾ ਦੁਸਾਸਣੈ ਮਥਵਾਲ ਦ੍ਰੋਪਤੀ ਆਂਦੀ।
ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ। (ਵਾ.ਭਾ.ਗੁ. 10/8)

ਗੁਰਬਾਣੀ ਵਿਚ ਫਿਕਾ ਬੋਲਣ ਦੀ ਇਉਂ ਨਿਖੇਦੀ ਅਤੇ ਮਨਾਹੀ ਕੀਤੀ ਗਈ ਹੈ :—

ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ (ਪੰਨਾ—15)

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥
ਫਿਕਾ ਦਰਗਹ ਸੁਟੀਐ ਮੁਹਿ ਥੁਕਾ ਫਿਕੇ ਪਾਇ ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ (ਪੰਨਾ— 473)

ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ (ਪੰਨਾ—566)

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ (ਪੰਨਾ—473)



In this way the intensity of feelings with which this taunting takes place or the arrows of words are shot, to that degree is the seriousness of the wound that takes place in the mind-consciousness of the listener. For the whole life we suffer extreme pain through the remembrance of these words in our heart.

In other words by regularly remembering these types of hateful taunts or words, and by dwelling incessantly on them we bestow upon them extreme intensity and power. And at every point of their recollection or 'company', like the sharp end of a 'cactus thorn', they get even more deeply entrenched. In this way the condition is akin to a situation where 'the more we walk, the deeper it pierces us, and the more we suffer in pain' and we burn, smoulder and writhe in the poisonous feelings of hatred.

The historical episode of 'Dhropati' befits this situation, when at one time while poking fun she said, 'the blind can only be the off springs of the blind'. These 'words' struck like a sharp arrow and the negative company of these words created such a deep, gaping and severe wound and as a result an attempt was made to undress 'Dhropati' in a packed assembly. This was the cause of the terrible 'Mahabartha' war in "Kurshaytar" in which numerous people were killed.

1 *Dragging Dhropati by the hair, Dusasanai brought her into the assembly.*
*He commanded his men to disrobe maidservant Dhropati. VBG 10/8*

This is how hollow words or speech is condemned and forbidden in Gurbani:-

2 *Listen, O foolish and ignorant mind !Harsh words bring only grief. 15*

3 *O Nanak, speaking insipid words, the body and mind become insipid.*
*He is called the most insipid of the insipid; the most insipid of the insipid is his reputation.*
*The insipid person is discarded in the Court of the Lord, and the insipid one's face is spat upon.*
*The insipid one is called a fool; he is beaten with shoes in punishment. 473*

4 *Do not speak ill of others, or get involved in arguments. 566*

5 *Do not call anyone bad; read these words, and understand. 473*

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥ (ਪੰਨਾ—1 84)

ਜਿਸ ਤਰ੍ਹਾਂ **ਕੰਡਾ ਉਸੇ ਵੇਲੇ ਕੱਢ ਦਿਤਾ ਜਾਵੇ** ਤਾਂ ਉਸ ਕੰਡੇ ਤੋਂ ਉਪਜਣ ਵਾਲੇ **ਦੁਖ-ਕਲੇਸ਼ ਤੋਂ ਬਚ ਜਾਈਦਾ ਹੈ।** ਉਸੇ ਤਰ੍ਹਾਂ ਜੇਕਰ ਤਾਹਨਿਆਂ-ਮਿਹਣਿਆਂ ਅਥਵਾ ਕੌੜੇ **ਤੀਖਣ ਬੋਲਾਂ ਨੂੰ ਉਸੇ ਵੇਲੇ 'ਹੋਊ' ਯਾ 'ਕੋਈ ਨਾ' ਕਹਿ ਕੇ ਭੁਲਾ ਦਿਤਾ ਜਾਵੇ** ਤਾਂ **ਇਹਨਾਂ ਬੋਲਾਂ ਦਾ ਸਾਡੇ ਹਿਰਦੇ ਉਤੇ ਕਈ 'ਅਸਰ' ਨਹੀਂ ਹੋ ਸਕਦਾ** - ਪਰ ਜੇ ਇਹਨਾਂ ਤਾਹਨਿਆਂ-ਮਿਹਣਿਆਂ ਦੇ ਕਟਾਖਮਈ ਚੁਭਵੇਂ ਤੀਰਾਂ ਦੀ **ਮੁੜ-ਮੁੜ 'ਯਾਦ' ਯਾ 'ਸੰਗਤ' ਕੀਤੀ ਜਾਵੇ** ਤਾਂ ਇਹ ਅਤਿਅੰਤ ਮਾਨਸਿਕ ਦੁਖਾਂ ਦਾ ਕਾਰਨ ਬਣਦੇ ਹਨ ਅਤੇ ਸਾਡੇ ਤਨ, ਮਨ, ਹਿਰਦੇ ਅਤੇ **ਅੰਤਿਸ਼ਕਰਨ ਵਿਚ ਧਸ-ਵਸ-ਰਸ ਕੇ ਅਗਲੇ ਜਨਮਾਂ ਵਿਚ ਭੀ 'ਰੂਹ' ਦੇ ਨਾਲ ਜਾਂਦੇ ਹਨ ।**

ਏਥੇ ਹੀ ਬਸ ਨਹੀਂ— ਐਸੇ **ਕਟਾਖਮਈ ਤੀਖਣ ਬੋਲਾਂ ਨੂੰ ਮਨ ਵਿਚ ਘੋਟ ਕੇ ਅਭਿਆਸ ਕਰਦਿਆਂ ਇਹ ਅਖਰ 'ਰੂਪਮਾਨ' ਹੋ ਕੇ 'ਸ਼ਾਕਸ਼ਾਤ' ਹੋ ਜਾਂਦੇ ਹਨ** ਅਤੇ **ਮਾਨਸਿਕ 'ਭੂਤ-ਪ੍ਰੇਤ' ਦੀ ਸ਼ਕਲ ਧਾਰ ਕੇ ਸਾਨੂੰ ਡਰਾਉਂਦੇ ਰਹਿੰਦੇ ਹਨ** ਅਤੇ ਉਨ੍ਹਾਂ **ਕਟਾਖਮਈ ਬੋਲਾਂ ਦੀ 'ਅਣਹੋਂਦੀ ਆਵਾਜ਼' ਸਾਡੇ ਸੂਖਮ ਕੰਨਾਂ ਵਿਚ ਦਿਨ-ਰਾਤ ਗੂੰਜਦੀ ਰਹਿੰਦੀ ਹੈ ਜਿਸ ਨਾਲ ਅਸੀਂ ਹੋਰ ਭੀ ਦੁਖੀ ਹੁੰਦੇ ਹਾਂ।**

ਦੂਜੇ ਲਫ਼ਜ਼ਾਂ ਵਿਚ ਅਸੀਂ ਇਨ੍ਹਾਂ ਤਾਹਨਿਆਂ-ਮਿਹਣਿਆਂ ਨੂੰ ਮੁੜ-ਮੁੜ 'ਯਾਦ' ਦੁਆਰਾ ਘੋਟ-ਘੋਟ ਕੇ, ਡਰਾਉਣੇ 'ਪ੍ਰੇਤਾਂ' ਵਾਂਗ ਰੂਪਮਾਨ ਬਣਾ ਕੇ, ਉਹਨਾਂ ਨਾਲ ਦਿਨ ਰਾਤ **'ਮੇਲ-ਜੋਲ'** ਅਥਵਾ **'ਸੰਗ' ਕਰਦੇ ਰਹਿੰਦੇ ਹਾਂ** ਅਤੇ ਸੂਖਮ ਤੌਰ ਤੇ ਵਾਦ-ਵਿਵਾਦ ਤੇ ਝਗੜੇ ਕਰਦੇ ਹਾਂ। ਐਸੀ **ਲਗਾਤਾਰ ਕੁਲਝਣਾਂ** ਨਾਲ ਦਿਮਾਗ ਤੇ ਅਤਿਅੰਤ ਭੈੜਾ ਅਸਰ ਹੁੰਦਾ ਹੈ ਜਿਸ ਨਾਲ ਵਹਿਮਾਂ ਦੇ ਸ਼ਿਕਾਰ **ਹੋ ਕੇ ਮਾਨਸਿਕ ਰੋਗੀ ਅਤੇ ਪਾਗਲ ਭੀ ਹੋ ਜਾਂਦੇ ਹਨ।**

ਇਸ ਦੇ ਬਿਲਕੁਲ **ਉਲਟ**-ਜਦ ਗੁਰ ਪ੍ਰਸਾਦਿ ਦੁਆਰਾ ਬਖਸ਼ੇ ਹੋਏ ਗੁਰਮੁਖ ਪਿਆਰਿਆਂ, ਸਤਸੰਗੀਆਂ ਪਾਸੋਂ ਕਿਸੇ ਗੁਜਰੇ ਹੋਏ ਪਿਆਰੇ ਵਾਲੇ ਗੁਰਮੁਖਾਂ ਦੀਆਂ 'ਸਰਧਾ-ਭਾਵਨੀ' ਵਾਲੀਆਂ **'ਗੱਲਾਂ' ਯਾ ਕਥਾ ਕਹਾਣੀਆਂ ਸੁਣਦੇ ਹਾਂ, ਤਾਂ ਇਨ੍ਹਾਂ**



*Do not utter even a single harsh word; your True Lord and Master abides in all.*
*Do not break anyone's heart; these are all priceless jewels.*
*The minds of all are like precious jewels; to harm them is not good at all.*
*If you desire your Beloved, then do not break anyone's heart.* 1384

In the case of a thorn, if it is taken out at that time itself, then it is possible to save oneself from its oncoming pain-anxiety. In the same way if taunts or sharp bitter words can be forgotten or put behind by saying 'let it be' or 'never mind' at that very moment, then these words can have no 'effect' on our hearts. But if we continue to keep in mind or 'keep the company' of such sarcasm filled sharp arrows of taunts, then they become the cause of some intense mental pain, and by thrusting, permeating and diffusing into our body, mind, heart and sub-consciousness, they too go along into the next births with the 'soul.'

This is not the end – by dwelling and contemplating upon such sharp sarcasm-filled words in the mind, these words 'take a form' and get 'personified'. Then by taking on a form of mental 'spirits-ghosts' they keep frightening us and the non-existent 'voice' of the sarcasm-filled words keep ringing day and night in our tender ears with which we feel even more pain.

In other words by continuously dwelling upon the 'remembrance' of these taunts, giving them a frightening 'demon' like form, we are day and night 'interacting' or 'communing' with them and in a subtle way engaged in a debate and quarrel with them. Such an extended writhing (or suffering in pain) has an enormous effect on the brain. By becoming the victims of superstitious-ness we become mentally diseased and even mad.

Exactly the opposite of this, when, through the grace of the Guru we hear the 'faith-filled' words or narrations about some deceased love filled gursikhs from some guru-orientated beloveds, satsangee's (or companions), then

L83.12

ਗੁਰਮੁਖ ਪਿਆਰਿਆਂ ਦੀ '**ਖਿਆਲੀ ਸੰਗਤ**' ਕਰ ਰਹੇ **ਹੁੰਦੇ ਹਾਂ ਅਤੇ** ਅਸੀਂ **ਉਸ ਦੇ** 'ਗੁਰਮੁਖੀ ਸਰੂਪ' ਦੇ—

ਦਰਸ਼ਨ ਕਰਦੇ ਹਾਂ
ਮੇਲ-ਮਿਲਾਪ ਕਰਦੇ ਹਾਂ
ਸਤਿ ਸੰਗਤ ਕਰਦੇ ਹਾਂ
ਸਾਧ ਸੰਗਤ ਕਰਦੇ ਹਾਂ
ਲੇਵਾ-ਦੇਵੀ ਕਰਦੇ ਹਾਂ
ਆਤਮਿਕ ਲਾਹਾ ਲੈਂਦੇ ਹਾਂ
ਆਤਮਿਕ ਵਣਜ ਵਪਾਰ ਕਰਦੇ ਹਾਂ
ਪ੍ਰੇਮ-ਭਾਵਨਾ ਮਾਣਦੇ ਹਾਂ
'ਪ੍ਰਿਮ-ਰਸ' ਭੁੰਚਦੇ ਹਾਂ
ਸ਼ਰਧਾ ਭਾਵਨੀ ਉਪਜਦੀ ਹੈ
ਰਹਿਸਮਈ ਰੰਗ ਮਾਣਦੇ ਹਾਂ
ਪ੍ਰੇਮ-ਸਵੈਪਨਾ ਵਿਚ ਉਡਾਰੀਆਂ ਲਾਉਂਦੇ ਹਾਂ
ਪ੍ਰੀਤ ਡੋਰੀ ਦੀ ਪੀਂਘ ਝੂਟਦੇ ਹਾਂ
ਆਤਮਿਕ ਰਸ ਵਿਚ ਅਲਮਸਤ ਮਤਵਾਰੇ ਹੁੰਦੇ ਹਾਂ
ਸੁਖ-ਸ਼ਾਂਤੀ ਮਾਣਦੇ ਹਾਂ
ਜਨਮ ਸਫਲਾ ਕਰਦੇ ਹਾਂ
ਜਮਾਂ ਤੋਂ ਬਚਦੇ ਹਾਂ
ਆਵਾਗਮਨ ਦੇ ਫੇਰ ਤੋਂ ਬਚਦੇ ਹਾਂ
ਗੁਰੂ ਦੇ ਚਰਨਾਂ ਵਿਚ ਸਮਾਉਂਦੇ ਹਾਂ ।

ਇਸ **ਆਤਮਿਕ ਗੁਰਮੁਖ ਅਵਸਥਾ ਵਿਚ ਜੇ ਕੋਈ ਸਾਨੂੰ 'ਬੋਲ' ਯਾ 'ਤਾਹਨਾ-ਮਿਹਣਾ' ਭੀ ਮਾਰੇ** ਤਾਂ ਉਸ ਨੂੰ ਸਾਡਾ ਮਨ **ਨਹੀਂ 'ਪਕੜਦਾ' ਤੇ ਉਹ 'ਉਤੋਂ ਦੀ ਲੰਘ ਜਾਂਦਾ' ਹੈ ਅਥਵਾ 'ਸੁਣ ਕੇ ਅਣਸੁਣਾ' ਹੋ ਜਾਂਦਾ ਹੈ ।** ਐਸੀ ਉਚੀ-ਸੁਚੀ ਅਵਸਥਾ ਨੂੰ ਇਉਂ ਸਨਮਾਨਿਆ ਗਿਆ ਹੈ :—

ਏਕੁ ਬੋਲੁ ਭੀ ਖਵਤੋ ਨਾਹੀ ਸਾਧ ਸੰਗਤਿ ਸੀਤਲਈ ॥ (ਪੰਨਾ—402)

**ਕੋਈ ਭਲਾ ਕਹਉ ਭਾਵੈ ਬੁਰਾ ਕਹਉ**
**ਹਮ ਤਨੁ ਦੀਓ ਹੈ ਢਾਰਿ ॥** **(ਪੰਨਾ—528)**



we are engaged in a 'thought company' of these guru-orientated beloveds where we –

come face to face
interact
maintain true company
participate in holy company
commune
make spiritual gains
engage in spiritual transactions
enjoy love filled sentiments
relish the taste of love
develop faith-filled feeling
enjoy supernatural colours
take flight in the love of the self within
sway in the swing of the cord of love
get intoxicated in the divine essence
enjoy peace and calmness
bring live to a successful conclusion
save ourselves from 'jum', the couriers of death
save ourselves from transmigration
merge in the feet of the Guru

with their 'gursikh form'.

In this spiritual state if anyone were to 'say' or 'taunt' us then our mind will not 'engage' itself with that and it 'slips by unnoticed' or it gets 'unheard even if it is heard'. Such a high-pure state is praised as follows:-

1 *I could not bear even one criticism, but now, in the Saadh Sangat, the Company of the Holy, I am cooled and soothed.* 402

2 *Some speak good of me, and some speak ill of me, but I have surrendered my body to You.* 528

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥...
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥ (ਪੰਨਾ—633)

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥ (ਪੰਨਾ—963)

**ਭਲੇ ਨਿੰਦਉ ਭਲੇ ਨਿਦਉ ਭਲੇ ਨਿੰਦਉ ਲੋਗੁ ॥**
ਤਨੁ ਮਨੁ ਰਾਮ ਪਿਆਰੇ ਜੋਗੁ ॥ (ਪੰਨਾ--1164)

ਸਬਦ ਸੁਰਤਿ ਸਾਵਧਾਨ ਹੋਇ
**ਵਿਣ ਗੁਰ ਸਬਦ ਨ ਸੁਣਈ ਬੋਲਾ ।** (ਵ. ਭਾ. ਗੁ 4/17)

ਇਸ ਗੁਰਮੁਖੀ ਅਵਸਥਾ ਵਿਚ ਰਸਨਾ ਤੋਂ **ਮਿਠੇ ਦਿਲ ਖਿਚਵੇਂ ਬੋਲ ਹੀ ਨਿਕਲਣਗੇ** ਜਿਨ੍ਹਾਂ ਨੂੰ ਸੁਣ ਕੇ ਯਾ ਉਨ੍ਹਾਂ ਨੂੰ ਯਾਦ ਕਰਕੇ ਅਥਵਾ **'ਸੰਗਤ' ਕਰਕੇ ਹੋਰ ਸਤਸੰਗੀਆਂ ਤੇ ਨਿਕਟਵਰਤੀ ਰੂਹਾਂ ਨੂੰ ਭੀ ਲਾਭ ਮਿਲਦਾ ਹੈ।**

ਗੁਰਮੁਖਿ ਬੋਲਹਿ ਸੋ ਥਾਇ ਪਾਏ
ਮਨਮੁਖ ਕਿਛੁ ਥਾਇ ਨ ਪਾਈ ॥ (ਪੰਨਾ--758)

ਦੂਜੇ ਲਫ਼ਜ਼ਾਂ ਵਿਚ **ਪਿਆਰੇ, ਮਿਠੇ, ਸੁਖਾਂਵੇ, ਦਿਲ-ਖਿੱਚਵੇਂ ਬਚਨਾਂ ਦੁਆਰਾ ਕਠੋਰ ਮੰਨੂਰ ਹਿਰਦਿਆਂ ਵਿਚ ਭੀ ਪਿਆਰ ਉਪਜਦਾ ਹੈ ਤੇ ਆਤਮਿਕ ਪ੍ਰਸੰਨਤਾ ਅਤੇ ਸ਼ਾਂਤੀ ਮਿਲਦੀ ਹੈ।**

ਇਸ ਲਈ ਸਾਨੂੰ ਮਿਠੇ ਬਚਨ **'ਬੋਲਣ'** ਦਾ ਤਾਕੀਦੀ ਹੁਕਮ ਹੈ।

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰਧਾਰਿ ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥ (ਪੰਨਾ—31)

ਮਿਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥ (ਪੰਨਾ—853)

ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ (ਪੰਨਾ—1384)

ਮਧੁਰ ਬਚਨ ਅਲਾਉ ਹਉਮੈ ਤਿਆਗੁ ਹੈ। (ਵਾ. ਭਾ. ਗੁ. 3/13)

ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ ॥ (ਵਾ. ਭਾ. ਗੁ. 6/18)



1 *Who is not swayed by either slander or praise, nor affected by greed, attachment or pride;*
*who remains unaffected by joy and sorrow, honor and dishonor....*
*That man, blessed by Guru's Grace, understands this way. 633*

2 *I have totally discarded praise and slander, O Nanak; I have forsaken and abandoned everything.*
*I have seen that all relationships are false, and so I have grasped hold of the hem of Your robe, Lord. 963*

3 *Slander me well, slander me well, slander me well, O people.*
*My body and mind are united with my Beloved Lord. 1164*

4 *He with full care keeps his consciousness attuned to the Word and listens to nothing except the words of Guru. VBG4/17*

In this state of guru-orientatedness only sweet and heart rendering words will surface. Upon hearing them or remembering them or abiding in their company other members of the group and those who are near and dear to them also benefit from this.

5 *That which Gurmukh speaks is certified and approved. Whatever the self-willed manmukh says is not accepted. 758*

In other words through lovable, sweet, comforting, heart rendering words even the hard hearted gross hearts too will feel the sprouting of love and receive spiritual blessings and peace.

That is why there is a mandatory hukam or order for us to speak using sweet words.

6 *The Gurmukh is the happy and pure soul-bride forever. She keeps her Husband Lord enshrined within her heart.*
*Her speech is sweet, and her way of life is humble. She enjoys the Bed of her Husband Lord. 31*

7 *His speech is sweet, and his words are nectar; night and day, he sings the Glorious Praises of the Lord. 853*

8 *Humility is the word, forgiveness is the virtue, and sweet speech is the magic mantra.*
*Wear these three robes, O sister, and you will captivate your Husband Lord. 1384*

9 *They speak sweet words and they have already expelled ego from their selves. VBG3/13*

10 *The polite language of a Sikh brings out what he thinks in his mind and heart. VBG 6/18*

ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ । (ਵਾ.ਭਾ.ਗੁ. 8/24)

ਬਲਿਹਾਰੀ ਤਿਨ੍ਹਾਂ ਗੁਰਸਿਖਾਂ
ਗੁਰਮਤਿ ਬੋਲ ਬਲਦੇ ਮਿਠਾ । (ਵਾ. ਭਾ. ਗੁ. 12/1)

ਮਿਠਾ ਬੋਲਣੁ ਨਿਵ ਚਲਣੁ
ਗੁਰਮੁਖਿ ਭਾਉ ਭਗਤਿ ਅਰਥੇਉ । (ਵਾ. ਭਾ. ਗੁ. 24/2)

**ਗੁਰਬਾਣੀ** ਸਤਿਗੁਰੂ ਜੀ ਦੇ ਮੁਖਾਰਬਿੰਦ ਵਿਚੋਂ ਉਚਰੀ ਹੋਈ ਹੈ। ਇਹ ਬਾਣੀ ਅਥਵਾ 'ਬਚਨ' **ਸਤਿਗੁਰਾਂ ਦੇ 'ਰਸ ਮਈ', 'ਮਿਠੇ' ਅਤੇ 'ਪ੍ਰਿਮ ਰਸ' ਵਾਲੇ ਆਤਮਿਕ ਹਿਰਦੇ ਦੀਆਂ ਸੂਖਮ ਪ੍ਰੇਮ ਸਵੇਪਨਾ ਦੀ ਲਖਾਇਕ ਹੈ**, ਜਿਸ ਕਰਕੇ ਇਸ 'ਬਾਣੀ' ਨੂੰ **'ਧੁਰ ਕੀ ਬਾਣੀ' ਅਥਵਾ 'ਸਤਿਗੁਰ ਬਚਨ' ਕਿਹਾ ਗਿਆ ਹੈ।**

ਐਸੀ ਇਲਾਹੀ ਬਾਣੀ ਦੇ—

ਪਾਠ ਕਰਨ
ਸਰਵਣ ਕਰਨ
ਵਿਚਾਰ ਕਰਨ
ਅੰਤ੍ਰੀਵ ਭਾਵ ਮਾਨਣ
ਕੀਰਤਨ ਕਰਨ
ਸੰਗਤ ਕਰਨ
ਰਸ ਲੈਣ
ਰੰਗ ਮਾਨਣ
'ਜੀਅਹੁ ਜਾਣਨ'

ਨਾਲ ਜਿਗਿਆਸੂ **'ਬਾਣੀ ਰੂਪ ਹੀ ਹੋ ਜਾਂਦਾ ਹੈ** ਅਤੇ ਸਤਿਗੁਰੂ ਜੀ ਦੀ **ਸਮੀਪਤਾ ਅਤੇ ਦਰਸ਼ਨਾ ਦਾ ਵਡਭਾਗੀ ਬਣਦਾ ਹੈ।**

ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥ (ਪੰਨਾ—36)

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥
ਸੁਣਿ ਸੁਣਿ ਹੋਵੈ ਪਰਮਗਤਿ ਮੇਰੀ ॥
ਜਲਨਿ ਬੁਝੀ ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ ॥ (ਪੰਨਾ—103)

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਨੁ ਭਇਆ ॥ (ਪੰਨਾ—360)



*1 He speaks mildly, behaves humbly and even by giving something to somebody wishes good of others. VBG 8/24*

*2 I am sacrifice unto those Gursikhs who speak sweet. VBG 12/1*

*3 Gurmukhs (there) speak sweetly, move humbly and are seekers of devotion. 24/2*

Gurbani has flowed from the divine mouth of the Satguru. This bani or 'words' are the indicators of the 'relish filled', 'sweet' and love-filled joy of devotion's divine heart's subtle love of the inner self. This is the reason why this 'Bani' or the 'Word of the Satguru' is called the 'Bani from the very source' (that gave rise to the creation).

By
doing the recitation
listening
contemplating
enjoying the innate meaning
doing kirtan
communing
enjoying the relish
experiencing the love
'feeling the soul'

of such a Bani, the seeker become the 'very embodiment of Bani' and he becomes the fortunate recipient of Satguru's closeness and vision.

*1 Through the True Word of His Bani, the Lord is obtained, and one remains immersed in the Lord. 36*

*2 The Word of Your Bani, Lord, is Ambrosial Nectar.*
*Hearing it again and again, I am elevated to the supreme heights.*
*The burning within me has been extinguished, and my mind has been cooled and soothed, by the Blessed Vision of the True Guru. 103*

*3 The Teachings of the Guru, the Ambrosial Bani - drinking them in, one becomes acceptable and renowned. 360*

ਸਤਿਗੁਰ ਬਚਨ ਤੁਮਾਰੇ ॥ ਨਿਰਗੁਣ ਨਿਸਤਾਰੇ ॥ (ਪੰਨਾ—406)

ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥ (ਪੰਨਾ—322)

ਅੰਮ੍ਰਿਤ ਫਲ ਤਿਨ ਜਨ ਕਉ ਲਾਗੇ
ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥ (ਪੰਨਾ—1051)

ਪੂਰੇ ਗੁਰ ਕੀ ਪੂਰੀ ਬਾਣੀ ॥
ਪੂਰੈ ਲਾਗਾ ਪੂਰੇ ਮਹਿ ਸਮਾਣੀ ॥ (ਪੰਨਾ—1074)

**7. ਨਿਗਾਹ ਦੀ ਸੰਗਤ** :—

ਬਿਜਲੀ ਦਾ 'ਕਰੰਟ' (electric current) ਤਾਰਾਂ ਵਿਚ ਗੁਪਤ ਰਵਿ ਰਹਿਆ ਭਰਪੂਰ ਹੁੰਦਾ ਹੈ ਪਰ ਇਸ ਕਰੰਟ ਦਾ ਪ੍ਰਗਟਾਵਾ ਕਿਸੇ **ਖ਼ਾਸ ਪੁਆਇੰਟ** (point) ਜਿਹਾ ਕਿ 'ਬਲਬ' (bulb) ਰਾਹੀਂ ਹੀ ਪ੍ਰਗਟ ਹੁੰਦਾ ਹੈ।

ਕਰੰਟ (current) ਦੀ ਸ਼ਕਤੀ (voltage) ਅਨੁਸਾਰ ਹੀ 'ਬਲਬ' ਵਿਚੋਂ ਘਟ ਜਾ ਵਧ ਰੋਸ਼ਨੀ ਪ੍ਰਗਟ ਹੁੰਦੀ ਹੈ।

ਹਰ ਇਕ 'ਜੀਵ' ਦੇ ਅੰਤ੍ਰ-ਆਤਮੇ **ਇਲਾਹੀ 'ਜੀਵਨ ਰੌ'** (Divine current) **ਹਮੇਸ਼ਾਂ ਗੁਪਤੀ ਰਵਿ ਰਹੀ ਭਰਪੂਰ ਹੈ।** ਇਹ ਇਲਾਹੀ ਜੀਵਨ-ਰੌ ਅਥਵਾ **'ਰੱਬੀ-ਜੋਤ'** ਦੇ **ਪ੍ਰਗਟਾਵੇ ਦਾ ਬਾਹਰਮੁਖੀ ਪੁਆਇਟ** (point) **ਸਾਡੀਆਂ 'ਅੱਖਾਂ' ਹੀ ਹਨ।** ਇਸ **'ਜੋਤ ਦੀ ਰੌਸ਼ਨੀ ਦਾ ਅਖਾਂ ਰਾਹੀਂ ਪ੍ਰਗਟਾਵਾ ਸਾਡੇ ਮਨ ਦੀ 'ਰੰਗਤ' ਅਨੁਸਾਰ ਵਧਦਾ-ਘਟਦਾ ਰਹਿੰਦਾ ਹੈ।** ਜੇ ਸਾਡੇ ਮਨ ਦੀ ਰੰਗਤ **ਬਹੁਤ ਮੈਲੀ ਹੋਵੇ** ਤਾਂ ਅਖਾਂ ਦੀ ਰੌਸ਼ਨੀ ਭੀ **ਮਲੀਨ ਹੋ ਜਾਂਦੀ ਹੈ।** ਇਸ ਦੇ ਉਲਟ ਜੇ ਮਨ **'ਨਿਰਮਲ' ਹੋਵੇ ਤਾਂ ਸਾਡੀ 'ਨਿਗਾਹ' ਦੀ 'ਜੋਤ' ਸ਼ਕਤੀਮਾਨ ਤੇ ਤੀਖਣ ਹੋ ਜਾਂਦੀ ਹੈ।**

ਦੂਜੇ ਲਫ਼ਜ਼ਾਂ ਵਿਚ ਸਾਡੀ **'ਨਿਗਾਹ' ਦੀ ਸ਼ਕਤੀ ਉਤੇ ਸਾਡੇ ਮਨ ਦੀ 'ਰੰਗਤ' ਦਾ ਅਸਰ ਹੁੰਦਾ ਹੈ।** ਇਹੋ ਕਾਰਨ ਹੈ ਕਿ **ਜਦ ਮਨ 'ਕ੍ਰੋਧ' ਵਿਚ ਹੁੰਦਾ ਹੈ ਤਾਂ ਸਾਡੀ 'ਨਿਗਾਹ' ਡਰਾਉਣੀ ਹੋ ਜਾਂਦੀ ਹੈ** ਅਤੇ ਜੇ ਸਾਡੇ ਮਨ ਵਿਚ ਹਮਦਰਦੀ, ਤਰਸ, ਪਿਆਰ ਦੇ ਵਲਵਲੇ ਹੋਣ ਤਾਂ ਸਾਡੀ **'ਨਿਗਾਹ' ਅਥਵਾ 'ਨਦਰ' ਵਿਚ ਇਹਨਾਂ 'ਦੈਵੀ ਗੁਣਾ' ਦੀ 'ਝਲਕ' ਦਿਖਾਈ ਦਿੰਦੀ ਹੈ।**

ਹੋਤਾ ਹੈ ਰਾਜ਼ ਏ ਇਸ਼ਕ ਓ ਮੁਹੱਬਤ ਕਾ, ਇਨਹੀਂ ਸੇ ਪਰਦਾ ਫ਼ਾਸ਼
**ਆਂਖੇਂ ਜ਼ੁਬਾਂ ਨਹੀਂ ਹੈ, ਮਗਰ ਬੇ-ਜ਼ੁਬਾਂ ਨਹੀਂ।**



1 *O True Guru, by Your Words,*
*even the worthless have been saved. 406*

2 *The Guru's arrow has pierced the hard core of this Dark Age of Kali Yuga, and the state of enlightenment has dawned. 322*

3 *Those humble beings, who chant the Name of the Ambrosial Lord, produce the ambrosial fruit. 1051*

4 *Perfect is the Word of the Perfect Guru.*
*One who is attached to the Perfect Lord, is immersed in the Perfect Lord. 1074*

7 The company of sight:-

The electric current is ever pervading invisibly in the wires but the manifestation of this current can only take place through some special point such as a bulb.

According to the voltage of the current the 'bulb' radiates less or more light.

In the innate self of each and every being the divine 'life-current' is ever pervading invisibly. The external points of manifestation of this 'divine current' are our 'eyes'. The manifestation of the 'radiance of this light' lessens or increases according to the 'colour or hue' of our mind. If the hue of our mind is very impure then the radiance of the eyes too becomes impure. In contrast to this, if the mind is 'pure' then the 'light' or radiance of our 'sight' becomes powerful and sharp.

In other words the power of our 'sight' is influenced by the 'hue or colour' of our mind. This is the reason why when the mind is in a state of 'anger', our 'sight' becomes fearsome and if we posses emotions of empathy, pity, love then our 'sight' or 'look' reflects the flash of these 'divine virtues'.

Within passion and love there lies a secret,
When from the eyes the curtain does rise,
Without a tongue they may be, but certainly not tongue-less.

**ਮਲੀਨ ਤੇ ਨੀਵੀਂ ਭਾਵਨਾ ਵਾਲੀ 'ਨਿਗਾਹ' ਦੁਆਰਾ ਹੀ :—**

ਕਾਮ
ਕ੍ਰੋਧ
ਲੋਭ
ਮੋਹ
ਡਰ
ਸ਼ਕ
ਸਾੜਾ
ਈਰਖਾ
ਦਵੈਤ
ਘਿਰਨਾ
ਵੈਰ
ਵਿਰੋਧ

**ਦੇ ਵਲਵਲਿਆਂ ਅਤੇ ਭਾਵਾਂ ਦਾ ਪ੍ਰਤੱਖ ਪ੍ਰਗਟਾਵਾ ਹੁੰਦਾ ਹੈ ।**

ਦੂਜੇ ਪਾਸੇ **'ਦੈਵੀ ਗੁਣਾਂ' ਦੀਆਂ ਭਾਵਨਾਵਾਂ ਵਾਲੀ 'ਨਿਗਾਹ' ਦੁਆਰਾ :—**

ਹਮਦਰਦੀ
ਦਇਆ
ਖਿਮਾ
ਸਤਿਕਾਰ
ਸ਼ਰਧਾ
ਭਰੋਸਾ
ਪ੍ਰੇਮ
ਪ੍ਰੀਤ
ਪਿਆਰ
ਪਰਉਪਕਾਰ

**ਦੀਆਂ ਪ੍ਰਬਲ ਭਾਵਨਾਵਾਂ ਦਾ ਪ੍ਰਗਟਾਵਾ ਹੁੰਦਾ ਹੈ ।**

**ਦੂਜੇ** ਲਫ਼ਜ਼ਾਂ ਵਿਚ **ਸਾਡੇ ਮਨ ਦੀ 'ਰੰਗਤ' ਹੀ ਸਾਡੀ 'ਐਨਕ' ਹੈ,** ਜਿਸ ਅਨੁਸਾਰ **ਸਾਡੀ 'ਨਿਗਾਹ' ਦੀ ਚੰਗੀ-ਮਾੜੀ 'ਝਲਕ' ਦਾ ਪ੍ਰਗਟਾਵਾ ਹੁੰਦਾ ਹੈ ।**



It is from a 'gaze' that is impure and corrupt that emotions and sentiments of:-

lust
anger
greed
attachment
fear
suspicion
envy
jealousy
duality
hatred
enmity
confrontation

arise and become a stark reality.

On the other side, from a 'gaze' that is filled with the sentiments of 'divine virtues' arise the dominant tendencies of:-

empathy
mercy
forgiveness
respect
faith
trust
love
affection
adoration
serving others.

In other words, the hue or colour of our mind is our 'spectacle' through which the flash of good –bad 'gaze' manifests itself.

ਜਦ ਇਕੋ 'ਸਤਹ' (wave length) ਵਾਲੀਆਂ ਦੋ ਰੂਹਾਂ ਦੀਆਂ **'ਨਿਗਾਹਾਂ'** ਦਾ **ਮੇਲ ਯਾ 'ਸੰਗਤ' ਹੁੰਦੀ ਹੈ** ਤਾਂ ਉਹ **ਇਕ ਦੂਜੇ ਵਲ 'ਖਿੱਚੇ' ਜਾਂਦੇ ਹਨ** ਅਤੇ ਇਸ ਨੂੰ **ਕੁਦਰਤੀ 'ਮੇਲ' ਕਿਹਾ ਜਾਂਦਾ ਹੈ, ਜੋ ਅਤਿਅੰਤ ਸੁਹਾਵਣਾ ਤੇ ਸੁਖਦਾਈ ਹੁੰਦਾ ਹੈ।**

ਇਸੇ ਤਰ੍ਹਾਂ ਇਕੋ 'ਸਤਹ' (wave length) ਉਤੇ **ਪਿਆਰ ਵਾਲੀਆਂ ਦੋ ਰੂਹਾਂ ਦੀਆਂ 'ਨਿਗਾਹਾਂ' ਮਿਲ ਜਾਣ ਤਾਂ ਉਸ ਨੂੰ**—

**ਅੰਤ੍ਰ-ਆਤਮੇ ਮੇਲ**
**ਆਤਮਿਕ ਸੰਗਤ**
**ਦਿਲਾਂ ਦੇ ਸੌਦੇ**
**ਰੂਹਾਂ ਦੀ ਲੇਵਾ-ਦੇਵੀ**
**ਪ੍ਰੀਤ**
**ਪ੍ਰੇਮ**
**ਪਿਆਰ**
**ਪ੍ਰੀਤ-ਡੋਰੀ**
**ਚੁਪ-ਪ੍ਰੀਤ**
**ਇਸ਼ਕ**

ਕਿਹਾ ਜਾਂਦਾ ਹੈ।

**ਐਸੀ 'ਨਿਗਾਹ' ਦੀ ਇਕ 'ਤੱਕਣੀ' ਦੁਆਰਾ ਦੋ ਰੂਹਾਂ ਦੇ 'ਮੇਲ' ਨੂੰ ਗੁਰਬਾਣੀ ਵਿਚ ਸਨਮਾਨਿਆ ਗਿਆ ਹੈ।**

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ
ਮਿਲਿਆ ਕਹੀਐ ਰੇ ਸੋਈ ॥ (ਪੰਨਾ—725)

ਅੰਤਰ ਆਤਮੈ ਜ ਮਿਲੈ ਮਿਲਿਆ ਕਹੀਐ ਸੋਇ ॥ (ਪੰਨਾ—791)

ਕੁਰਬਾਣੀ ਤਿਨਾ ਗੁਰਸਿਖਾ ਮਨ ਮੇਲੀ ਕਰਿ ਮੇਲਿ ਮਿਲੰਦੇ। (ਵਾ:ਭਾ.ਗੁ: 12/2)

ਮਨ ਮੇਲੀ ਘੁਲ ਮਿਚਿ ਸਭ ਰੰਗ ਮਾਣੀਐ। (ਵਾ.ਭਾ.ਗੁ. 14/7)

ਸਤਿਗੁਰ ਦੀ **'ਨਦਰਿ ਕਰਮ'** ਅਤੇ ਬਖਸ਼ਿਆਂ ਹੋਇਆਂ ਗੁਰਮੁਖ ਪਿਆਰਿਆਂ ਦੀ **ਨਿਗਾਹ ਰਾਹੀਂ**—



When the wave length of the glance of two souls meet or 'communion' takes place, both of them get 'attracted' to each other and this (event) is called natural 'communion' which is intensely beautiful and peace giving.

In this way the meeting of the glance of two love-filled souls on one wavelength is called –

communion in the innate self within
spiritual assembly
transaction of the hearts
the interaction of the souls
love
affection
adoration
love cord
silent love
true love

The (event in which) a 'look' through which one such glance leads to the 'meeting' of the two souls is highly regarded in Gurbani.

1 *She who meets her Beloved in her heart, remains united with Him; this is truly called union. 725*

2 *But if he unites deep within his soul, then he is said to be united. 791*

3 *I am a sacrifice unto those gursikhs who are mentally one when they meet each other. VBG12/2*

4 *When the minds are on the same wave-length immense joy is experienced.*
*VBG 14/7*

Through the 'bless-full glance' of the Guru and the 'sight' of guru-orientated beloveds –

ਜਨਮਾਂ-ਜਨਮਾਂ ਦੀ ਮੈਲ ਕਟੀ ਜਾਂਦੀ ਹੈ।
ਕੋਟ ਪਾਪ ਕਟੇ ਜਾਂਦੇ ਹਨ।
ਮਨ ਨਿਰਮਲ ਹੋ ਜਾਂਦਾ ਹੈ।
ਮਨ ਰੱਬੀ ਪਿਆਰ ਦੀ ਖਿੱਚ ਖਾਣ ਲਗਦਾ ਹੈ।
ਮਨ ਦੀ ਕਸਵਟੀ ਉਚੇਰੀ ਹੁੰਦੀ ਜਾਂਦੀ ਹੈ।
'ਚੁਣੌਤੀ' ਵੀ ਸਹੀ ਹੁੰਦੀ ਜਾਂਦੀ ਹੈ।
'ਵਿਵੇਕ ਬੁਧੀ' ਪ੍ਰਕਾਸ਼ਤ ਹੁੰਦੀ ਹੈ।
'ਹੁਕਮ' ਬੁਝਿਆ ਜਾਂਦਾ ਹੈ।
ਆਵਾਗਮਨ ਮਿਟ ਜਾਂਦਾ ਹੈ।
ਜਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ।

ਜਿਨ ਕਉ ਨਦਰਿ ਕਰਮੁ ਤਿਨ ਕਾਰ ॥ (ਪੰਨਾ—8)
ਨਾਨਕ ਨਦਰੀ ਨਦਰਿ ਨਿਹਾਲ ॥

ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥ (ਪੰਨਾ—28)

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤ ਬਰਸੀ ॥ (ਪੰਨਾ—273)

ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥ (ਪੰਨਾ—261)

ਜਿਸਨੋ ਨਦਰਿ ਹੋਵੈ ਧੁਰਿ ਤੇਰੀ ॥
ਮਰੈ ਨ ਜੰਮੈ ਚੂਕੈ ਫੇਰੀ ॥ (ਪੰਨਾ—1052)

ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥
ਤਿਸ ਜਨ ਕੇ ਸਭਿ ਕਾਜ ਸਵਾਰਿ ॥ (ਪੰਨਾ— 1140)

ਕ੍ਰਿਪਾ ਕਟਾਖੵ ਅਵਲੋਕਨ ਕੀਨੋ
ਦਾਸ ਕਾ ਦੂਖੁ ਬਿਦਾਰਿਓ ॥ (ਪੰਨਾ—681)

ਯੱਕ ਨਿਗਾਹੇ ਲੁਤਫ਼ਿ ਤੋ ਦਿਲ ਮੇ-ਬੁਰਦ ॥
ਬਾਜ਼ੁ ਮੇ ਦਾਰਮ ਅਜ਼ਾਂ ਈ ਇਹਤਿਆਜ ॥ (ਭਾ. ਨੰਦ ਲਾਲ ਗਜ਼ਲ ਨੰ: 16)

ਇਸ ਤਰ੍ਹਾਂ **'ਨਿਗਾਹ ਦੇ ਮੇਲ'** ਦੁਆਰਾ ਹੀ 'ਜੀਵਾਂ' ਦੀ ਆਪਸ ਵਿਚ, ਚੰਗੀ ਯਾ ਮਾੜੀ 'ਸੰਗਤ' ਅਨੁਸਾਰ, **ਲੇਵਾ-ਦੇਵੀ ਹੁੰਦੀ ਰਹਿੰਦੀ ਹੈ।**

**ਇਸ 'ਨਿਗਾਹ' ਦੁਆਰਾ 'ਮੇਲ' ਅਥਵਾ 'ਸੰਗਤ' ਦੇ ਨਤੀਜਿਆਂ ਦਾ, ਉਦਾਹਰਨ** ਦਿਤਾ ਜਾਂਦਾ ਹੈ :—



defilement over numerous births are eradicated.
millions of sins are erased.
the mind becomes pure.
the minds begins to feel the godly pull.
man becomes more discerning.
the challenges are easily overcome.
insightful intellect arises
the secret of the 'divine law or command' is unravelled.
transmigration comes to an end.
emancipation from the couriers of death is obtained.

1 *Such is the karma of those upon whom He has cast His Glance of Grace.*
*O Nanak, the Merciful Lord, by His Grace, uplifts and exalts them. 8*

2 *Those whom the Lord blesses with His Glance of Grace are saved; they are lovingly attuned to the Lord. 28*

3 *Nectar rains down from the glance of the God-conscious being. 273*

4 *One who is blessed with Your Grace is not called to give his account. 961*

5 *One who receives Your Mercy, O Primal Lord,*
*does not die, and is not reborn; he is released from the cycle of reincarnation. 1052*

6 *That person who is blessed by the Creator's Glance of Grace*
*all his affairs are resolved. 1140*

7 *Gazing upon me with his Eye of Mercy, He has dispelled the pains of His slave. 681*

8 *One of your loving and affectionate glances is enough to take away my breath.*
*But still I plead before Him for mercy and this is what ZI need the most. GBNL 16*

In this way it is through the 'look upon meeting' that interaction between the good or bad company takes place between one another.

Through this 'look', the examples of consequences of 'meeting' or 'interacting' is being given.

**‘ਇਸਤਰੀ’** ਦੀ ਹਸਤੀ ਇਕੋ ਹੁੰਦੀ ਹੈ, ਪਰ ਉਸ ਨੂੰ **ਦੇਖਣ ਵਾਲੀਆਂ ਅੱਖਾਂ ਦੇ ਪਿਛੇ ‘ਭਾਵਨਾ’ ਅਨੁਸਾਰ ਹੀ ਨਿਗਾਹ ਦੁਆਰਾ ‘ਸੰਗਤ’ ਅਤੇ ਲੇਵਾ-ਦੇਵੀ ਹੁੰਦੀ** ਹੈ **।**

ਉਦਾਹਰਨ ਦੇ ਤੌਰ ਤੇ ਇਕੋ **ਇਸਤਰੀ** ਨੂੰ :—

ਬੱਚਾ — ‘ਮਾਂ’ ਦੀ ਭਾਵਨਾ ਨਾਲ ਲਾਡ ਕਰਦਾ ਹੈ ।
ਭਰਾ — ‘ਭੈਣ’ ਦੀ ਭਾਵਨਾ ਨਾਲ ਪਿਆਰ ਕਰਦਾ ਹੈ ।
ਮਾਂ-ਬਾਪ — ‘ਬੇਟੀ’ ਦੀ ਭਾਵਨਾ ਨਾਲ ਪ੍ਰਤਿਪਾਲਦੇ ਹਨ ।
ਪਤੀ — ‘ਪਤਨੀ’ ਦੀ ਭਾਵਨਾ ਨਾਲ ਪਿਆਰ ਕਰਦਾ ਹੈ ।
ਪਰਾਏ — ‘ਨਾਰੀ’ ਦਾ ਸਰੂਪ ਹੀ ਦੇਖਦੇ ਹਨ ।
ਕਾਮੀ — ‘ਵਾਸ਼ਨਾਂ’ ਨਾਲ ਤੱਕਦੇ ਹਨ ।

ਇਸ ਦਾ ਮਤਲਬ ਇਹ ਹੈ ਕਿ ਅਸੀਂ ਮਨ ਦੀ **ਭਾਵਨਾ ਰੂਪ ‘ਐਨਕ’ ਦੇ** ਰੰਗ **ਅਨੁਸਾਰ ਹੀ ਹਰ ਇਕ ਚੀਜ਼ ਯਾ ਜੀਵ** ਨੂੰ **:—**

ਵੇਖਦੇ ਹਾਂ ।
ਸਮਝਦੇ ਹਾਂ ।
ਪਰਖਦੇ ਹਾਂ ।
‘ਸੰਗ’ ਕਰਦੇ ਹਾਂ ।
ਵਰਤ-ਵਰਤਾਰਾ ਕਰਦੇ ਹਾਂ ।
ਲੇਵਾ-ਦੇਵੀ ਕਰਦੇ ਹਾਂ ।
ਵਣਜ-ਵਪਾਰ ਕਰਦੇ ਹਾਂ ।

ਦੂਜੇ ਲਫ਼ਜ਼ਾਂ ਵਿਚ ਸਾਡੀ **‘ਨਿਗਾਹ’ ਦੇ ਪਿਛੋਕੜ ਵਿਚ** ਮਾਨਸਿਕ **ਅਤੇ ਆਤਮਿਕ ‘ਰੰਗਤ’ ਅਤੇ ਸ਼ਕਤੀ ਅਨੁਸਾਰ ਹੀ ਇਕ ਦੂਜੇ ਉਤੇ ‘ਪ੍ਰਭਾਵ’ ਪੈਂਦਾ ਹੈ ।**

ਇਸੇ ਤਰਾਂ **ਸ਼ਰਧਾਲੂ ਜਨ**—ਗੁਰੂਆਂ, ਅਵਤਾਰਾਂ, ਸਾਧਾਂ, ਸੰਤਾਂ ਅਥਵਾ ‘ਰਬ’ ਨੂੰ ਭੀ **ਆਪੋ-ਆਪਣੀ ਭਾਵਨਾ ਅਨੁਸਾਰ**—

ਸ਼ਰਧਾ-ਭਾਵਨੀ ਰਖਦੇ ਹਨ ।
ਦਰਸ਼ਨ ਕਰਦੇ ਹਨ ।
‘ਸੰਗਤ’ ਕਰਦੇ ਹਨ ।
ਸੇਵਾ ਕਰਦੇ ਹਨ ।

A women has one ‘form’, but it is through the ‘feelings’ behind the eyes that see her which determine (the nature of) the ‘communion’ and ‘interaction’.

Take for example a woman :-

a child - cuddles her with the feelings of a ‘mother’.
a brother - loves her with the feelings of a ‘sister’.
mother-father - nurtures her with the feelings of a ‘daughter’.
a husband - loves her with the feelings of a ‘wife’.
unrelated - sees her form just as a ‘women’.
a lustful - see her as an object of ‘sensuality’.

This means that with the spectacle of the hue or colour of the feeling or our mind we :-

see
understand
view
‘commune’
communicate
interact
transact

each and everything including humans.

In other words behind our ‘look’ the influence we exert on others is according to the power of our mental and spiritual ‘hue or colour’.

In the same way, the devotees too–

maintain their faith filled feeling,
come face to face,
commune,
serve,

ਪੂਜਾ ਕਰਦੇ ਹਨ ।
ਲੇਵਾ-ਦੇਵੀ ਕਰਦੇ ਹਨ ।
ਲਾਹਾ ਲੈਂਦੇ ਹਨ ।

ਗੁਰਬਾਣੀ ਵਿਚ ਇਸ ਨੂੰ ਇਉਂ ਦਰਸਾਇਆ ਹੈ :—

ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥
**ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥** (ਪੰਨਾ—116)

**ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥** (ਪੰਨਾ—302)

ਏਕ ਨਦਰਿ ਕਰਿ ਵੇਖੈ ਸਭ ਊਪਰਿ
**ਜੇਹਾ ਭਾਉ ਤੇਹਾ ਫਲੁ ਪਾਈਐ ॥** (ਪੰਨਾ—602)

ਦੂਜੇ ਲਫ਼ਜ਼ਾਂ ਵਿਚ **'ਨਿਗਾਹ' ਰਾਹੀਂ ਅਸੀਂ ਮਨ ਦੀ 'ਰੰਗਤ' ਦਾ ਅਸਰ ਬਾਹਰ ਪ੍ਰਗਟ ਕਰਦੇ ਹਾਂ,** ਅਤੇ **ਬਾਹਰੋਂ ਅੱਖਾਂ ਰਾਹੀਂ ਜੋ ਵੇਖਦੇ ਹਾਂ, ਉਸ ਦਾ 'ਅਸਰ' ਅਥਵਾ 'ਪ੍ਰਭਾਵ' ਆਪਣੇ ਮਨ, ਚਿਤ ਅਤੇ ਅੰਤਿਸ਼ਕਰਨ ਵਿਚ ਲੈ ਜਾਂਦੇ ਹਾਂ, ਜਿਸ ਨਾਲ ਮਨ ਦੀ 'ਰੰਗਤ' ਬਦਲਦੀ ਰਹਿੰਦੀ ਹੈ ।**

ਇਸ ਲਈ ਬਖਸ਼ੇ ਹੋਏ ਗੁਰਮੁਖ ਪਿਆਰਿਆਂ, ਸੰਤਾਂ, ਭਗਤਾਂ, ਮਹਾਂਪੁਰਖਾਂ ਦੇ **'ਦਰਸ਼ਨਾਂ' ਦੁਆਰਾ 'ਸੰਗਤ' ਕਰਨ ਨਾਲ ਬੇਅੰਤ ਦੈਵੀ ਗੁਣ ਉਪਜਦੇ ਹਨ ।**

ਗੁਰਬਾਣੀ ਵਿਚ ਭੀ ਮਹਾਂਪੁਰਖਾਂ ਦੇ ਦਰਸ਼ਨ ਦੀਦਾਰੇ ਕਰਨ ਲਈ ਇਉਂ ਪ੍ਰੇਰਨਾ ਕੀਤੀ ਗਈ ਹੈ ਅਤੇ ਜਾਚਨਾ ਸਿਖਾਈ ਹੈ :—

ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥
ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥ (ਪੰਨਾ—102)

ਸਰਣਿ ਪਰਿਓ ਠਾਕੁਰ ਵਜੀਰਾ ॥
ਤਿਨਾ ਦੇਖਿ ਮੇਰਾ ਮਨੁ ਧੀਰਾ ॥ (ਪੰਨਾ—212)

ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥
ਤਿਨਾ ਦੇਖਿ ਮਨਿ ਚਾਉ ਉਠੰਦਾ
ਹਉ ਕਦਿ ਪਾਈ ਗੁਣ ਤਾਸਾ ॥ (ਪੰਨਾ—703)

ਦਰਸਨ ਸੰਤ ਦੇਹੁ ਸੁਖ ਪਾਵੈ ਪ੍ਰਭ ਲੋਚ ਪੂਰਿ ਜਨੁ ਤੁਮਘਾ ॥ (ਪੰਨਾ—731)



worship
interact with
benefit from

their Gurus, prophets, holy men, sants, or 'God', according to their own individual inclinations.

This is how this aspect is expressed in Gurbani:-

1 *Serving the True Guru, all things are obtained.*
*As are the desires one harbors, so are the rewards one receives.116*

2 *As one feels towards the True Guru, so are the rewards he receives. 302*

3 *He looks alike upon all with His Glance of Grace, but people receive the fruits of their rewards according to their love for the Lord. 602*

In other words through the 'look' we can project externally the effect of the mind's 'hue or colour', and whatever we view on the outside through the eyes, we take its effect or influence into our mind, consciousness and sub consciousness, and in so doing the 'hue or colour' of the mind keeps changing.

For this reason by 'meeting up with' and by being a part of the sangat of bless Guru-orientated beloveds, saints, devotees and highly evolved souls, boundless divine virtues begin to arise.

This is how Gurbani encourages this meeting up with and the company of evolved souls and goes on to show the way of doing it:-

4 *I wash the feet of those who walk upon Your Path.*
*With my eyes, I long to behold those kind people.102*

5 *I seek the Sanctuary of the Lord's Prime Minister;*
*beholding Him, my mind is comforted and consoled. 212*

6 *Each of them is more beautiful than the others; countless are His lovers, constantly enjoying bliss with Him.*
*Beholding them, desire wells up in my mind; when will I obtain the Lord, the treasure of virtue? 703*

7 *Please bless me with the Blessed Vision of the Saint's Darshan, that I may find peace. O God, please fulfill the desires of Your humble servant. 703*

ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨੁ ਸੰਗਿ ਜੀਉ ॥
ਸੰਤ ਸਜਨ ਮਨ ਮਿਤ੍ਰ ਸੇ
ਲਾਇਨਿ ਪ੍ਰਭ ਸਿਉ ਰੰਗੁ ਜੀਉ ॥ (ਪੰਨਾ—760)

ਸਾਧ ਕੈ ਸੰਗਿ ਨਹੀ ਕਛੁ ਘਾਲ ॥
**ਦਰਸਨੁ ਭੇਟਤ ਹੋਤ ਨਿਹਾਲ ॥** (ਪੰਨਾ—272)

ਹਰਿਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ
ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐਰੇ ॥
ਤਿਨ ਦੇਖੇ ਮੇਰਾ ਮਨੁ ਬਿਗਸੈ
ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥ (ਪੰਨਾ—118)

ਜਿਨ ਹਰਿ ਗਾਇਆ ਜਿਨ ਹਰਿ ਜਪਿਆ
ਤਿਨ ਸੰਗਤਿ ਹਰਿ ਮੇਲਹੁ ਕਰਿ ਮਇਆ ॥
ਤਿਨ ਕਾ ਦਰਸੁ ਦੇਖਿ ਸੁਖੁ ਪਾਇਆ
ਦੁਖੁ ਹਉਮੈ ਰੋਗੁ ਗਇਆ ॥ (ਪੰਨਾ—1264)

**ਗੁਰਸਿਖੀ ਦਾ ਦੇਖਣਾ ਗੁਰਮੁਖਿ ਸਾਧ ਸੰਗਤਿ ਗੁਰਦੁਆਰਾ ।**
(ਵਾ. ਭਾ. ਗੁ. 28/7)

**'ਨਿਗਾਹ' ਅਥਵਾ 'ਨਦਰਿ' ਦੁਆਰਾ ਮਨ ਦੀ 'ਸਤਹ' (wave-length) ਅਨੁਸਾਰ ਹੀ—**

ਮੇਲ'
'ਸੰਗ'
'ਸੰਗਤ'
'ਪਰਸਨਾ'
'ਸਾਂਝ'
'ਲੇਵਾ-ਦੇਵੀ'
ਬਿਉਹਾਰ

**ਹੁੰਦਾ ਹੈ ।**

(ਚਲਦਾ......)



1 *Gazing upon them, my mind is enraptured. How can I join them and be with them?*
*They are Saints and friends, good friends of my mind,*
*who inspire me and help me tune in to God's Love. 760*

2 *In the Company of the Holy, there is no suffering.*
*The Blessed Vision of their Darshan brings a sublime, happy peace. 272*

3 *Those humble beings who worship and adore the Lord's Name,*
*are said to be blessed. Such is the good destiny written on their foreheads.*
*Gazing upon them, my mind blossoms forth,*
*like the mother who meets with her son and hugs him close. 1118*

4 *Those who chant and meditate on the Lord - O Lord,*
*in Your Mercy, please unite me with them.*
*Gazing upon them, I am at peace;*
*the pain and disease of egotism are gone. 1264*

5 *The glimpse of the Sikh life can be had only in personality of a guru-orientated being, in the holy congregation and the Gurdwara, the door of the Guru's court.*
*VBG 28/7*

It is only through the 'look' or the 'divine glance' of the 'wave-length' of the mind that :-

the meeting
the communion
the holy company
the blessed vision
the sharing
the interaction
the transaction

can take place.

(cont\........Lekh 84)